ੴ ਸਤਿਗੁਰ ਪ੍ਰਸਾਦਿ ॥

# ਖ਼ਾਲਸਾ ਕਾਲਜ, ਪਟਿਆਲਾ

(ਜਨਰਲ ਸ਼ਿਵਦੇਵ ਸਿੰਘ ਦੀਵਾਨ ਗੁਰਬਚਨ ਸਿੰਘ)

(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ)

# ਸਲਾਨਾ ਰਿਪੋਰਟ

# 2004-05

ਪ੍ਰਸਤੁਤ ਕਰਤਾ :
ਡਾ. ਹਰਬੀਰ ਸਿੰਘ,
ਪ੍ਰਿੰਸੀਪਲ

ਤਿਆਰ ਕਰਤਾ :
ਡਾ. ਪੁਸ਼ਪਿੰਦਰ ਕੌਰ,
ਲੈਕ. ਪੰਜਾਬੀ ਵਿਭਾਗ

# ਖ਼ਾਲਸਾ ਕਾਲਜ, ਪਟਿਆਲਾ
# (ਜਨਰਲ ਸ਼ਿਵਦੇਵ ਸਿੰਘ ਦੀਵਾਨ ਗੁਰਬਚਨ ਸਿੰਘ)
# ਸਲਾਨਾ ਰਿਪੋਰਟ
# 2004-2005

*ਵਾਹਿਗੁਰੂ ਜੀ ਦਾ ਖ਼ਾਲਸਾ*
*ਵਾਹਿਗੁਰੂ ਜੀ ਦੀ ਫ਼ਤਹਿ*

ਸੈਸ਼ਨ 2004-05 ਦੌਰਾਨ ਕਾਲਜ ਵਿਚ ਬੀ.ਐਸ.ਸੀ. ਬਾਇਓਟੈਕਨਾਲੋਜੀ ਦਾ ਕੋਰਸ ਸ਼ੁਰੂ ਕੀਤਾ ਗਿਆ। ਇਹ ਕੋਰਸ ਪੰਜਾਬੀ ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ ਹੈ। ਖ਼ਾਲਸਾ ਕਾਲਜ ਵਿਚ ਕੋਰਸ ਸ਼ੁਰੂ ਕਰਨ ਵਾਲਾ ਪਟਿਆਲਾ ਸ਼ਹਿਰ ਦਾ ਪਹਿਲਾ ਅਤੇ ਪੰਜਾਬੀ ਯੂਨੀਵਰਸਿਟੀ ਦਾ ਦੂਸਰਾ ਕਾਲਜ ਹੈ। ਇਸ ਸੈਸ਼ਨ ਦੌਰਾਨ ਇਸ ਕੋਰਸ ਦੇ ਪਹਿਲੇ ਭਾਗ ਵਿਚ 40 ਵਿਦਿਆਰਥੀ ਦਾਖ਼ਲ ਹੋਏ। ਕਾਲਜ ਨੇ ਵਿਭਾਗ ਦੀ ਲੈਬ ਵਾਸਤੇ 2,85,000 ਰੁਪਏ ਦਾ ਸਮਾਨ ਖਰੀਦਿਆ ਅਤੇ ਕਾਲਜ ਨੂੰ ਇਸ ਕੋਰਸ ਤੋਂ 10,00,000 ਰੁਪਏ ਦੇ ਕਰੀਬ ਆਮਦਨ ਹੋਈ।

ਕਾਲਜ ਵਿਚ 21, 22 ਅਤੇ 23 ਨਵੰਬਰ, ਨੂੰ ਤੀਸਰਾ ਖਾਲਸਾਈ ਖੇਡ ਸਮਾਰੋਹ ਕਰਵਾਇਆ ਗਿਆ। ਜਿਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੀ ਸਰਪ੍ਰਸਤੀ ਅਧੀਨ ਚਲ ਰਹੇ ਹਿੰਦੋਸਤਾਨ ਦੇ 21 ਕਾਲਜਾਂ ਦੇ 1100 ਦੇ ਕਰੀਬ ਖਿਡਾਰੀਆਂ ਨੇ ਭਾਗ ਲਿਆ। ਕਾਲਜ ਨੂੰ ਇਸ ਸਮਾਰੋਹ ਕਰਵਾਉਣ ਵਾਸਤੇ ਸ਼੍ਰੋਮਣੀ ਕਮੇਟੀ ਤੋਂ ਪੰਦਰਾਂ ਲੱਖ ਰੁਪਏ ਦੀ ਗ੍ਰਾਂਟ ਮਿਲੀ। ਕਾਲਜ ਵਿਚ ਬਾਸਕਟਬਾਲ, ਵਾਲੀਬਾਲ, ਹੈਂਡਬਾਲ, ਖੋ-ਖੋ, ਕਬੱਡੀ ਨੈਸ਼ਨਲ ਸਟਾਇਲ ਅਤੇ ਕਬੱਡੀ ਪੰਜਾਬ ਸਟਾਇਲ ਆਦਿ ਦੇ ਨੌਂ ਨਵੇਂ ਖੇਡ ਗਰਾਉਂਡ ਬਣਾਏ ਗਏ। ਖੇਡ ਵਿਭਾਗ ਵਾਸਤੇ ਟੇਬਲ ਟੈਨਿਸ ਦੇ ਟੇਬਲ ਅਤੇ ਵੇਟ ਸੈੱਟ ਆਦਿ ਖਰੀਦੇ ਅਤੇ ਵੇਟ ਰੂਮ ਤਿਆਰ ਕੀਤਾ।

ਕਾਲਜ ਦੇ ਖਿਡਾਰੀਆਂ ਨੇ ਇਹਨਾਂ ਖੇਡ ਮੁਕਾਬਲਿਆਂ ਵਿਚ ਲਗਾਤਾਰ ਤੀਸਰੀ ਵਾਰ ਓਵਰਆਲ ਟਰਾਫ਼ੀ ਜਿੱਤ ਕੇ ਕਾਲਜ ਦਾ ਨਾਮ ਰੌਸ਼ਨ ਕੀਤਾ।

## ਵਿਦਿਅਕ ਪ੍ਰਾਪਤੀਆਂ

ਸੈਸ਼ਨ 2003-04 ਦੇ ਸਲਾਨਾ ਇਮਤਿਹਾਨਾਂ ਦੌਰਾਨ ਬੀ.ਸੀ.ਏ. ਭਾਗ ਤੀਜਾ ਦੀ ਵਿਦਿਆਰਥਣ ਮਨਦੀਪਾ ਸਪੁੱਤਰੀ ਗੌਰ ਨਰਾਇਣ ਸ਼ਿਟ ਨੇ ਯੂਨੀਵਰਸਿਟੀ ਵਿਚੋਂ ਦੂਸਰੀ ਪੁਜੀਸ਼ਨ ਹਾਸਲ ਕੀਤੀ। ਕਾਲਜ ਦੇ ਕਈ ਕਲਾਸਾਂ

ਸੈਸ਼ਨ 2003-04 ਦੇ ਯੂਨੀਵਰਸਿਟੀ / ਬੋਰਡ ਦੇ ਨਤੀਜੇ 100% ਰਹੇ। ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

## ARTS CLASSES

| Class | Subjects |
|---|---|
| +2 Arts | Punjabi, Hindi, Physical Education. Pr. |
| B.A. I | F.A.C. Th. & Pr., Fine Arts Pr., Home Science Pr., Music (V) Pr., Music (I) Pr., Physical Education. Pr., I.T. Computer Pr. |
| B.A. II | P.H.C., Fine Arts, F.A.C., Home Science, Music (I), Music (V) Pr., Physical Education Pr. |
| B.A. III | Hindi, English Lit., Public Admn., Fine Arts, F.A.C., Home Science, Music (I), Physical Education, Tabla, Maths, Music (V) Pr. |
| + 2 Com. | English, Punjabi, T.P.M., Business Static. |
| B.Com. I | Computer Application, Pr. |
| B.Com. II | Company Law & Audit, Computer Application. |
| B.Com III | English, Punjabi, Indian Economic Problems, Computer Application. |

## SCIENCE CLASSES

| Class | Subjects |
|---|---|
| +2 Medical | Punjabi, Physical Pr., Chemistry Pr., Bio Pr. |
| +2 (Non-Med) | English, Punjabi, Phy. Pr., Chy. Pr. |
| B.Sc. I (Non-Med) | Punjabi, Physical Pr., Chy. Pr. |
| B.Sc. II (Non-Med.) | English, Punjabi, Maths, Chemistry, Phy. Pr. |

## COMPUTER CLASSES

| Class | Subjects |
|---|---|
| B.Sc. III (Non-Med.) | English, Punjabi, Physical, Chemistry. |
| B.Sc. I | Punjabi, PHC, Computer Maintenance, Physical Pr. |
| B.Sc. II (C.M.) | English, Maths, Computer Maintenance, Physical Pr., |
| B.Sc. I (Comp. Appli.) | Punjabi, Computer Application, Phy. Pr. |
| B.Sc. II (Comp. Appli.) | Punjabi, Physical Pr., Computer Pr. |
| B.Sc. III (Comp. Appli.) | English, Punjabi, Maths, Computer Applcation, Phys. |
| B.Sc. I (I.T.) | Punjabi, Maths |
| B.Sc. II | English, C++, Computer Pr., Software IV. |
| B.C.A-III | English, Operation System, Software Engg., Lab. VII & VIII. |

# ਵਿਭਾਗੀ ਸਰਗਰਮੀਆਂ / ਪ੍ਰਾਪਤੀਆਂ

## ਧਰਮ ਅਧਿਐਨ ਵਿਭਾਗ

ਧਰਮ ਅਧਿਐਨ ਵਿਭਾਗ ਵਲੋਂ 28 ਜੁਲਾਈ, 2004 ਨੂੰ ਕਾਲਜ ਦਾ ਨਵਾਂ ਸੈਸ਼ਨ ਆਰੰਭ ਹੋਣ ਦੀ ਖੁਸ਼ੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਹਿਜ ਪਾਠ ਦੀ ਸਮਾਪਤੀ ਉਪਰੰਤ ਭੋਗ ਪਾਇਆ ਗਿਆ ਅਤੇ ਕਾਲਜ ਦੇ ਵਿਦਿਆਰਥੀਆਂ ਵੱਲੋਂ ਸ਼ਬਦ ਕੀਰਤਨ ਕੀਤਾ ਗਿਆ। ਇਸ ਸਮੇਂ ਐਡੀਸ਼ਨਲ ਸਕੱਤਰ ਸ੍ਰ. ਹਰਮੇਲ ਸਿੰਘ ਜੀ ਟੌਹੜਾ ਨੇ ਗੁਰਮਤਿ ਸਿਧਾਂਤਾਂ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਇਸ ਸਮੇਂ ਡਾ. ਕੁਲਵੰਤ ਕੌਰ, ਸਾਬਕਾ ਪ੍ਰਿੰਸੀਪਲ ਗੁਰਮਤਿ ਕਾਲਜ ਪਟਿਆਲਾ, ਨੇ ਵਿਦਿਆਰਥੀਆਂ ਨੂੰ ਸੰਬੋਧਿਤ ਕੀਤਾ।

31 ਅਗਸਤ, 2004 ਨੂੰ ਕਾਲਜ ਦੇ 61 ਵਿਦਿਆਰਥੀਆਂ ਦਾ ਇੱਕ ਜੱਥਾ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 400 ਸਾਲਾ ਪ੍ਰਕਾਸ਼ ਦਿਵਸ ਦੇ ਸਬੰਧ ਵਿੱਚ, ਅੰਮ੍ਰਿਤਸਰ ਵਿਖੇ ਸੇਵਾ ਕਰਨ ਲਈ ਭੇਜਿਆ ਗਿਆ।

15 ਸਤੰਬਰ, 2004 ਨੂੰ ਕਾਲਜ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਸ਼ੁੱਧ ਉਚਾਰਣ ਮੁਕਾਬਲਾ

ਕਰਵਾਇਆ ਗਿਆ। ਇਸ ਮੁਕਾਬਲੇ ਵਿੱਚ ਅਮਨਪ੍ਰੀਤ ਸਿੰਘ ਬੀ.ਏ. ਭਾਗ ਤੀਜਾ ਨੇ ਪਹਿਲਾਂ, ਭਿੰਦਰ ਸਿੰਘ ਬੀ.ਏ. ਭਾਗ ਪਹਿਲਾ ਨੇ ਦੂਸਰਾ ਅਤੇ ਮਨਦੀਪ ਸਿੰਘ ਬੀ.ਏ. ਭਾਗ ਦੂਜਾ ਨੇ ਤੀਸਰਾ ਸਥਾਨ ਹਾਸਲ ਕੀਤਾ।

22 ਸਤੰਬਰ, 2004 ਨੂੰ ਪ੍ਰੋ. ਤਰਲੋਚਨ ਸਿੰਘ ਮਹਾਜਨ ਵਲੋਂ ਆਡੀਓ-ਵਿਯੂਅਲ ਟਰਾਂਸਪੀਰੈਂਸੀ ਦੁਆਰਾ "ਧਰਮ ਵਿੱਚ ਸ਼ਕਤੀ ਦਾ ਵਿਕੇਂਦਰੀਕਰਣ" ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ।

23 ਸਤੰਬਰ, 2004 ਨੂੰ ਧਰਮ ਅਧਿਐਨ ਵਿਭਾਗ ਦੇ ਕੁੱਝ ਵਿਦਿਆਰਥੀਆਂ ਨੂੰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਾਗ ਅਤੇ ਗੁਰੂ ਗੋਬਿੰਦ ਸਿੰਘ ਭਵਨ ਵਿਖਾਉਣ ਲਈ ਲਿਜਾਇਆ ਗਿਆ।

27 ਸਤੰਬਰ, 2004 ਨੂੰ ਪ੍ਰੋ: ਕੁਲਦੀਪ ਸਿੰਘ ਧੀਰ ਨੇ "ਗੁਰੂ ਗ੍ਰੰਥ ਸਾਹਿਬ ਸਕਰੀਪਚਰ ਆਫ਼ ਦੀ ਨਿਊ ਏਜ਼" ਵਿਸ਼ੇ ਤੇ ਅਤੇ 25 ਫਰਵਰੀ, 2005 ਨੂੰ ਸ: ਭਗਵਾਨ ਸਿੰਘ ਦਿਲਾਵਰੀ ਨੇ "ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਅਤੇ ਸਿੱਖ ਜੀਵਨ ਜਾਚ" ਵਿਸ਼ੇ ਉੱਤੇ ਅਧਿਆਪਕਾਂ ਅਤੇ ਵਿਦਿਆਰਥੀਆਂ ਲਈ ਲੈਕਚਰ ਕਰਵਾਏ।

12 ਜਨਵਰੀ, 2005 ਨੂੰ ਕਾਲਜ ਵਿਖੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਵਸ ਮਨਾਇਆ ਗਿਆ। ਸਹਿਜ ਪਾਠ ਦੇ ਭੋਗ ਉਪਰੰਤ ਸ਼ਬਦ ਕੀਰਤਨ ਹੋਇਆ ਅਤੇ ਪ੍ਰੋ: ਐਸ.ਐਸ.ਨੰਦਾ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਬਾਰੇ ਲੈਕਚਰ ਦਿੱਤਾ। ਪ੍ਰੋਗਰਾਮ ਉਪਰੰਤ ਗੁਰੂ ਦਾ ਅਤੁੱਟ ਲੰਗਰ ਵੀ ਵਰਤਾਇਆ ਗਿਆ।

## ਪੰਜਾਬੀ ਵਿਭਾਗ

ਪੰਜਾਬੀ ਵਿਭਾਗ ਨੇ ਇਸ ਸੈਸ਼ਨ ਦੌਰਾਨ ਵੀ ਕਾਲਜ ਵਿੱਚ ਪੰਜਾਬੀ ਸਾਹਿਤ ਸਭਾ ਦੇ ਵਿਦਿਆਰਥੀ ਅਹੁਦੇਦਾਰਾਂ ਦੀ ਚੋਣ ਕੀਤੀ। ਇਸ ਸਾਹਿਤ ਸਭਾ ਵਲੋਂ "ਪੰਜਾਬੀਆਂ ਦਾ ਪ੍ਰਵਾਸ ਵੱਲ ਵੱਧ ਰਿਹਾ ਰੁਝਾਨ ਅਤੇ ਇਸ ਦੇ ਸਿੱਟੇ" ਵਿਸ਼ੇ 'ਤੇ ਲੇਖ ਲਿਖਣ ਮੁਕਾਬਲਾ ਕਰਵਾਇਆ ਗਿਆ ਅਤੇ ਵਿਦਿਆਰਥੀਆਂ ਨੂੰ ਫ਼ਸਟ, ਸੈਕਿੰਡ ਅਤੇ ਥਰਡ ਘੋਸ਼ਿਤ ਕੀਤਾ ਗਿਆ। ਪ੍ਰਸਿੱਧ ਨਾਟਕਕਾਰ ਸ੍ਰੀ ਅਜਮੇਰ ਸਿੰਘ ਔਲਖ ਨਾਲ ਵਿਦਿਆਰਥੀਆਂ ਦੀ ਇੱਕ ਰੂ-ਬ-ਰੂ ਮਿਲਣੀ ਕਰਵਾਈ ਗਈ ਅਤੇ ਪ੍ਰਸਿੱਧ ਭਾਸ਼ਾ ਵਿਗਿਆਨੀ ਡਾ. ਬਲਦੇਵ ਸਿੰਘ ਚੀਮਾ ਦਾ ਸ਼ਬਦ ਸ਼੍ਰੇਣੀਆਂ ਦੇ ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ।

## ਹਿੰਦੀ ਵਿਭਾਗ

ਹਿੰਦੀ ਵਿਭਾਗ ਵਲੋਂ 16 ਅਗਸਤ, 2004 ਨੂੰ 'ਹਿੰਦੀ ਸਾਹਿਤਯ ਪਰਿਸ਼ਦ' ਦੇ ਵਿਦਿਆਰਥੀ ਅਹੁਦੇਦਾਰਾ ਦੀ ਚੋਣ ਕੀਤੀ ਗਈ। ਇਸ ਸਾਹਿਤ ਸਭਾ ਦੁਆਰਾ 16 ਸਤੰਬਰ, 2004 ਨੂੰ ਡਾ. ਹੁਕਮ ਚੰਦ ਰਾਜਪਾਲ, ਸੇਵਾ ਮੁਕਤ ਪ੍ਰੋਫੈਸਰ ਅਤੇ ਮੁੱਖੀ ਹਿੰਦੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ 'ਸਾਹਿਤ ਦੇ ਨੈਤਿਕ ਮੁੱਲ' ਵਿਸ਼ੇ ਉੱਤੇ ਲੈਕਚਰ ਕਰਵਾਇਆ ਗਿਆ। 25 ਸਤੰਬਰ, 2004 ਨੂੰ 'ਵਾਤਾਵਰਣ ਤੇ ਮੰਡਰਾਉਂਦਾ ਸੰਕਟ' ਵਿਸ਼ੇ ਉੱਤੇ ਲੇਖ ਲਿਖਣ ਮੁਕਾਬਲਾ ਅਤੇ 15 ਫਰਵਰੀ, 2005 ਨੂੰ ਕਵਿਤਾ ਉਚਾਰਣ ਮੁਕਾਬਲਾ ਕਰਵਾਇਆ ਗਿਆ।

## ਅੰਗਰੇਜ਼ੀ ਵਿਭਾਗ

ਅੰਗਰੇਜ਼ੀ ਵਿਭਾਗ ਵਲੋਂ ਕਾਲਜ ਵਿੱਚ English Literary Society ਦੀ ਸਥਾਪਨਾ ਕੀਤੀ ਗਈ। ਇਸ ਸੁਸਾਇਟੀ ਦੁਆਰਾ 27 ਅਗਸਤ ਨੂੰ ਪੇਪਰ ਰੀਡਿੰਗ ਮੁਕਾਬਲਾ, 29 ਸਤੰਬਰ ਨੂੰ ਕਵਿਤਾ ਉਚਾਰਣ ਮੁਕਾਬਲਾ ਅਤੇ ਜਨਵਰੀ ਵਿੱਚ ਲੇਖ ਲਿਖਣ ਮੁਕਾਬਲਾ ਕਰਵਾਇਆ ਗਿਆ ਅਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਕਾਰਗੁਜ਼ਾਰੀ ਦੇ ਆਧਾਰ ਤੇ ਫ਼ਸਟ, ਸੈਕਿੰਡ ਅਤੇ ਥਰਡ ਘੋਸ਼ਿਤ ਕੀਤਾ ਗਿਆ।

## ਹੋਮ ਸਾਇੰਸ ਵਿਭਾਗ

ਹੋਮ ਸਾਇੰਸ ਵਿਭਾਗ ਵੱਲੋਂ 14 ਸਤੰਬਰ, 2004 ਤੋਂ 18 ਸਤੰਬਰ, 2004 ਤੱਕ ਲੜਕੇ ਅਤੇ ਲੜਕੀਆਂ ਲਈ ਕਾਲਜ ਵਿੱਚ ਕੁਕਿੰਗ ਦੀਆਂ ਕਲਾਸਾਂ ਲਗਾਈਆਂ ਗਈਆਂ। ਵਿਭਾਗ ਵਿੱਚ 25 ਸਤੰਬਰ ਨੂੰ ਰੰਗੋਲੀ, 27 ਸਤੰਬਰ ਨੂੰ ਦੁਪੱਟਿਆਂ ਦੀ ਰੰਗਾਈ ਅਤੇ ਰੁਮਾਲਾਂ ਦੀ ਕਢਾਈ, 27 ਸਤੰਬਰ ਅਤੇ 6 ਜਨਵਰੀ 2005 ਨੂੰ ਕੁਕਿੰਗ ਦੇ ਮੁਕਾਬਲੇ ਕਰਵਾਏ ਗਏ ਅਤੇ ਵਿਦਿਆਰਥੀਆਂ ਨੂੰ ਫ਼ਸਟ, ਸੈਕਿੰਡ ਅਤੇ ਥਰਡ ਘੋਸ਼ਿਤ ਕੀਤਾ ਗਿਆ।

## ਫਾਈਨ ਆਰਟਸ ਵਿਭਾਗ

ਫਾਈਨ ਆਰਟਸ ਵਿਭਾਗ ਦੇ ਵਿਦਿਆਰਥੀਆਂ ਨੇ ਸੈਸ਼ਨ 2004-05 ਦੇ ਆਰੰਭ ਵਿੱਚ ਹੀ ਵਿਭਾਗ ਦੀਆਂ ਦੀਵਾਰਾਂ ਦੇ ਧਰਾਤਲ ਉੱਤੇ ਚਿੱਤਰ ਬਣਾ ਕੇ ਆਪਣੀ ਸਿਰਜਣਾਤਮਕ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਇਸ ਕਾਰਜ ਵਿੱਚ ਵਿਭਾਗ ਦੇ ਪੁਰਾਣੇ ਵਿਦਿਆਰਥੀਆਂ ਨੇ ਵੀ ਉਤਸ਼ਾਹ ਨਾਲ ਹਿੱਸਾ ਲਿਆ। ਵਿਭਾਗ ਵਲੋਂ ਇੱਕ Portrait Sketching ਦੀ ਦੋ ਰੋਜ਼ਾ ਵਰਕਸ਼ਾਪ ਦੌਰਾਨ ਚਿੱਤਰਕਾਰ ਤ੍ਰਿਲੋਕ ਸਿੰਘ ਨੇ ਵਿਦਿਆਰਥੀਆਂ ਨੂੰ Demonstration ਦਿਤੀ।

ਵਿਭਾਗ ਦੁਆਰਾ ਇੱਕ ਪੰਜ ਰੋਜ਼ਾ ਅਤੇ ਇੱਕ ਦੋ ਰੋਜ਼ਾ ਮੂਰਤੀਕਲਾ ਦੀ ਵਰਕਸ਼ਾਪ ਵੀ ਲਗਾਈ ਗਈ। ਇਸ ਵਰਕਸ਼ਾਪ ਵਿੱਚ ਉੱਘੇ ਕਲਾਕਾਰਾਂ ਨੇ ਵਿਦਿਆਰਥੀਆਂ ਨੂੰ ਪੱਥਰ ਤਰਾਸ਼ਣ ਦੀ ਕਲਾ ਸੰਬੰਧੀ ਜਾਣਕਾਰੀ ਦਿੱਤੀ। ਵਿਭਾਗ ਦੇ ਵਿਦਿਆਰਥੀਆਂ ਨੇ ਮਹਿੰਦਰਾ ਕਾਲਜ, ਪਟਿਆਲਾ ਵਿਖੇ ਪੰਜਾਬ ਆਰਟਿਸਟ ਐਸੋਸੀਏਸ਼ਨ ਵਲੋਂ ਲਗਾਈ ਗਈ ਦੋ ਰੋਜ਼ਾ ਵਰਕਸ਼ਾਪ ਵਿੱਚ ਵੀ ਭਾਗ ਲਿਆ। ਵਿਭਾਗ ਦੇ ਵਿਦਿਆਰਥੀਆਂ ਦਾ ਇੱਕ ਵਿਦਿਅਕ ਟੂਰ ਸੰਘੋਲ, ਚੰਡੀਗੜ੍ਹ ਮਿਊਜ਼ੀਅਮ ਅਤੇ ਰੌਕ ਗਾਰਡਨ ਵਿਖੇ ਲਿਜਾਇਆ ਗਿਆ। ਵਿਦਿਆਰਥੀਆਂ ਨੂੰ ਸਮੇਂ-ਸਮੇਂ ਸਿਰ ਪਟਿਆਲਾ ਸ਼ਹਿਰ ਦੇ ਸ਼ੀਸ਼ ਮਹੱਲ ਵਿੱਚ ਲੱਗੀਆਂ ਕਲਾ ਪ੍ਰਦਰਸ਼ਨੀਆਂ ਦੇਖਣ ਲਈ ਵੀ ਪ੍ਰੇਰਿਤ ਕੀਤਾ ਗਿਆ।

## ਫੋਕ ਆਰਟ ਐਂਡ ਕਲਚਰ

ਫੋਕ ਆਰਟ ਐਂਡ ਕਲਚਰ ਵਿਭਾਗ ਵਲੋਂ 11 ਅਗਸਤ, 2004 ਨੂੰ ਡਾ. ਨਾਹਰ ਸਿੰਘ ਪ੍ਰੋਫੈਸਰ ਅਤੇ ਮੁੱਖੀ ਪੰਜਾਬੀ ਅਧਿਐਨ ਸਕੂਲ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦਾ 'ਲੋਕਧਾਰਾ ਵਿੱਚ ਲੋਕ ਕਲਾਵਾਂ ਦੇ ਅੰਤਰ ਸਬੰਧ' ਵਿਸ਼ੇ ਉੱਤੇ ਲੈਕਚਰ ਕਰਵਾਇਆ ਗਿਆ। ਮਿਤੀ 18 ਨਵੰਬਰ ਨੂੰ ਵਿਦਿਆਰਥੀਆਂ ਦਾ ਇੱਕ ਵਿਦਿਅਕ ਟੂਰ ਉੱਚਾ ਪਿੰਡ ਸੰਘੋਲ ਅਤੇ ਚੰਡੀਗੜ੍ਹ ਮਿਊਜ਼ੀਅਮ ਵਿਖੇ ਲਿਜਾਇਆ ਗਿਆ। ਮਿਤੀ 22 ਨਵੰਬਰ ਨੂੰ ਲੋਕ ਖਾਣਿਆਂ ਨੂੰ ਬਣਾਉਣ ਦਾ ਇੱਕ ਅੰਤਰ ਕਲਾਸ ਮੁਕਾਬਲਾ ਕਰਵਾਇਆ ਗਿਆ। ਮਿਤੀ 11 ਅਕਤੂਬਰ ਨੂੰ ਡਾ. ਦਵਿੰਦਰ ਕੌਰ ਲੈਕਚਰਾਰ ਫਾਈਨ ਆਰਟਸ ਵਿਭਾਗ ਨੇ ਬੀ.ਏ. ਭਾਗ ਪਹਿਲਾ ਅਤੇ ਦੂਜਾ ਦੇ ਵਿਦਿਆਰਥੀਆਂ ਨੂੰ 'ਲੋਕ ਖਿਡਾਉਣੇ ਬਣਾਉਣ ਦੀਆਂ ਤਕਨੀਕਾਂ' ਵਿਸ਼ੇ ਉੱਪਰ ਇੱਕ Demonstration Lecture ਦਿਤਾ। ਮਿਤੀ 12 ਫਰਵਰੀ, 2005 ਨੂੰ ਵਿਭਾਗ ਦੇ ਵਿਦਿਆਰਥੀਆਂ ਨੂੰ ਪਟਿਆਲਾ ਵਿਰਾਸਤ ਮੇਲਾ ਦਿਖਾਉਣ ਲਈ ਲਿਜਾਇਆ ਗਿਆ। ਵਿਭਾਗ ਦੀਆਂ ਬੀ.ਏ. ਭਾਗ ਤੀਜਾ ਦੀਆਂ ਵਿਦਿਆਰਥਣਾਂ ਨੇ ਇੱਕ ਅਤੇ ਦੋ ਮਾਰਚ, 2005 ਨੂੰ ਸਰਕਾਰੀ ਕਾਲਜ ਲੜਕੀਆਂ, ਪਟਿਆਲਾ ਵਿਖੇ ਲਗਾਈ ਗਈ ਅੰਤਰ ਕਾਲਜ ਪ੍ਰਦਰਸ਼ਨੀ ਵਿੱਚ ਭਾਗ ਲਿਆ।

## ਲੋਕ ਪ੍ਰਬੰਧ ਅਤੇ ਰਾਜਨੀਤੀ ਸ਼ਾਸਤਰ ਵਿਭਾਗ

ਲੋਕ ਪ੍ਰਬੰਧ ਅਤੇ ਰਾਜਨੀਤੀ ਸ਼ਾਸਤਰ ਵਿਭਾਗ ਵਲੋਂ ਸੈਸ਼ਨ 2004-05 ਦੌਰਾਨ ਦੋਵਾਂ ਵਿਭਾਗਾਂ ਦੇ ਮੁੱਖੀਆਂ ਵਲੋਂ ਦੋਵਾਂ ਵਿਭਾਗਾਂ ਦੇ ਵਿਦਿਆਰਥੀਆਂ ਨੂੰ ਇਕੱਠਿਆਂ ਕਰਕੇ 'ਪੋਲਿਟਿਕਸ ਐਂਡ ਐਡਮਨਿਸਟਰੇਸ਼ਨ' ਅਤੇ 'ਪਾਰਲੀਮੈਂਟਰੀ ਡੈਮੋਕਰੇਸੀ' ਵਿਸ਼ਿਆਂ ਤੇ ਅੰਤਰ ਅਨੁਸਾਸ਼ਨੀ ਲੈਕਚਰ ਕਰਵਾਏ ਗਏ। ਦੋਹਾਂ ਵਿਭਾਗਾਂ ਵਲੋਂ ਪ੍ਰਸਿੱਧ ਰਾਜਨੀਤੀ ਸ਼ਾਸਤਰ ਡਾ. ਦਲੀਪ ਸਿੰਘ ਦਾ 'ਨੀਡ ਫਾਰ ਇਲੈਕਟਰੋਲ ਰਿਫਾਰਮਜ਼' ਵਿਸ਼ੇ ਉੱਤੇ ਲੈਕਚਰ

ਕਰਵਾਇਆ ਗਿਆ।

## ਇਤਿਹਾਸ ਵਿਭਾਗ

ਇਤਿਹਾਸ ਵਿਭਾਗ ਦੇ ਵਿਦਿਆਰਥੀਆਂ ਦਾ ਇੱਕ ਵਿਦਿਅਕ ਟੂਰ ਮਿਤੀ 18 ਨਵੰਬਰ, 2004 ਨੂੰ ਸੰਘੋਲ ਵਿਖੇ ਲਿਜਾਇਆ ਗਿਆ।

27 ਨਵੰਬਰ, 2004 ਨੂੰ ਕਾਲਜ ਵਿੱਚ ਲੋਕ ਪ੍ਰਬੰਧ, ਰਾਜਨੀਤੀ ਵਿਗਿਆਨ, ਇਤਿਹਾਸ ਅਤੇ ਧਰਮ ਅਧਿਐਨ ਵਿਭਾਗਾਂ ਵਲੋਂ ਵਿਦਿਆਰਥੀਆਂ ਦਾ ਇੱਕ ਕੁਇਜ਼ ਮੁਕਾਬਲਾ ਕਰਵਾਇਆ ਗਿਆ ਅਤੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਗਏ।

## ਸਰੀਰਕ ਸਿੱਖਿਆ ਅਤੇ ਖੇਡ ਵਿਭਾਗ

ਕਾਲਜ ਦੇ ਸਰੀਰਕ ਸਿੱਖਿਆ ਅਤੇ ਖੇਡ ਵਿਭਾਗ ਦੇ ਵਿਦਿਆਰਥੀਆਂ ਵਲੋਂ ਵੱਖ-ਵੱਖ ਖੇਡ ਮੁਕਾਬਲਿਆਂ ਵਿੱਚ ਭਾਗ ਲਿਆ ਗਿਆ ਅਤੇ ਇਨਾਮ ਜਿੱਤੇ ਗਏ।

## ਅੰਤਰ ਕਾਲਜ ਟੀਮ ਮੁਕਾਬਲੇ

ਅੰਤਰ ਕਾਲਜ ਟੀਮ ਮੁਕਾਬਲਿਆਂ ਦੌਰਾਨ ਖ਼ਾਲਸਾ ਕਾਲਜ ਦੀਆਂ ਹੈਂਡਬਾਲ, ਸਾਈਕਲਿੰਗ, ਹਾਕੀ (ਲੜਕੇ), ਵਾਲੀਬਾਲ (ਲੜਕੇ), ਬੈਡਮਿੰਟਨ, ਲਾਨ ਟੈਨਿਸ, ਆਰਚਰੀ ਅਤੇ ਫੈਨਸਿੰਗ ਟੀਮਾਂ ਨੇ ਪਹਿਲੇ ਸਥਾਨ 'ਤੇ ਰਹਿ ਕੇ ਸੋਨੇ ਦੇ, ਤੈਰਾਕੀ ਵਿੱਚ ਦੂਸਰੇ ਸਥਾਨ 'ਤੇ ਰਹਿ ਕੇ ਚਾਂਦੀ ਦੇ, ਹਾਕੀ (ਲੜਕੀਆਂ), ਵਾਲੀਬਾਲ (ਲੜਕੀਆਂ) ਅਤੇ ਬਾਕਸਿੰਗ ਵਿੱਚ ਤੀਸਰੇ ਸਥਾਨ 'ਤੇ ਰਹਿ ਕੇ ਕਾਂਸੀ ਦੇ ਤਮਗ਼ੇ ਹਾਸਲ ਕੀਤੇ।

## ਅੰਤਰ ਕਾਲਜ ਵਿਅਕਤੀਗਤ ਮੁਕਾਬਲੇ

ਇਨ੍ਹਾਂ ਮੁਕਾਬਲਿਆਂ ਦੌਰਾਨ ਸਾਈਕਲਿੰਗ ਵਿੱਚ 5 ਸੋਨੇ, 1 ਚਾਂਦੀ, 1 ਕਾਂਸੀ ਦੇ, ਪਾਵਰ ਲਿਫਟਿੰਗ (ਲੜਕੀਆਂ) ਵਿੱਚ 1 ਚਾਂਦੀ ਦਾ, ਜੂਡੋ ਵਿੱਚ 1 ਚਾਂਦੀ ਦਾ, ਜਿਮਨਾਸਟਿਕ ਵਿੱਚ 1 ਸੋਨੇ ਦਾ ਅਤੇ ਅਥਲੈਟਿਕਸ ਵਿੱਚ 1 ਸੋਨੇ ਅਤੇ 1 ਚਾਂਦੀ ਦੇ ਤਮਗ਼ੇ ਜਿੱਤੇ।

ਕਾਲਜ ਦੀ ਹੈਂਡਬਾਲ ਦੀ ਟੀਮ ਦੇ 9 ਖਿਡਾਰੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਟੀਮ ਲਈ ਚੁਣੇ ਗਏ ਅਤੇ ਟੀਮ ਨੇ ਸਰਵ ਭਾਰਤੀ ਅੰਤਰ ਯੂਨੀਵਰਸਿਟੀ ਮੁਕਾਬਲੇ ਵਿੱਚ ਦੂਜਾ ਸਥਾਨ ਹਾਸਿਲ ਕੀਤਾ। ਇਸ ਤੋਂ

ਇਲਾਵਾ ਕਾਲਜ ਦੇ ਸਾਈਕਲਿੰਗ ਦੇ 5, ਹਾਕੀ (ਲੜਕੇ) 7, ਹਾਕੀ (ਲੜਕੀਆਂ) 4, ਵਾਲੀਬਾਲ (ਲੜਕੇ) 2, ਵਾਲੀਬਾਲ (ਲੜਕੀਆਂ) 3, ਬੈਡਮਿੰਟਨ 3, ਲਾਨ ਟੈਨਿਸ 2, ਜੂਡੋ 1 ਅਤੇ ਫੈਨਸਿੰਗ ਦੇ 3 ਖਿਡਾਰੀਆਂ ਦੀ ਚੋਣ ਯੂਨੀਵਰਸਿਟੀ ਦੀਆਂ ਵੱਖ-ਵੱਖ ਟੀਮਾਂ ਲਈ ਕੀਤੀ ਗਈ।

## ਸਰਵ ਭਾਰਤੀ ਅੰਤਰ ਯੂਨੀਵਰਸਿਟੀ ਮੁਕਾਬਲੇ

ਸਾਇਕਲਿੰਗ ਵਿੱਚ ਅਭਿਸ਼ੇਕ ਰਾਣਾ ਨੇ 4 ਸੋਨੇ ਦੇ, ਗੁਰਿੰਦਰ ਸੰਧੂ ਨੇ 1 ਸੋਨੇ ਦਾ ਅਤੇ ਕਮਲ ਪ੍ਰੀਤ ਸ਼ਰਮਾ ਨੇ 1 ਸੋਨੇ ਦਾ ਤਮਗ਼ਾ ਹਾਸਲ ਕੀਤਾ। ਅਭਿਸ਼ੇਕ ਰਾਣਾ ਨੇ ਇਨ੍ਹਾ ਖੇਡਾਂ ਵਿੱਚ 9 ਸਾਲ ਪੁਰਾਣਾ ਰਿਕਾਰਡ ਤੋੜ ਕੇ ਨਵਾ ਰਿਕਾਰਡ ਸਥਾਪਤ ਕੀਤਾ। ਇਸ ਤੋਂ ਇਲਾਵਾ ਰੋਡ ਨੈਸ਼ਨਲ ਸਾਇਕਲਿੰਗ ਵਿੱਚ ਸਰਪ੍ਰੀਤ ਸਿੰਘ ਨੇ 1 ਚਾਂਦੀ ਅਤੇ ਕਮਲਪ੍ਰੀਤ ਸ਼ਰਮਾ ਨੇ ਬਾਇਕ ਨੈਸ਼ਨਲ ਵਿੱਚ 1 ਚਾਂਦੀ ਅਤੇ 1 ਕਾਂਸੀ ਦੇ ਤਮਗ਼ੇ ਜਿੱਤੇ।

## ਸੀਨੀਅਰ ਨੈਸ਼ਨਲ ਖੇਡ ਮੁਕਾਬਲੇ

ਸਾਇਕਲਿੰਗ ਵਿੱਚ ਅਭਿਸ਼ੇਕ ਰਾਣਾ ਨੇ 1 ਚਾਂਦੀ ਅਤੇ 1 ਕਾਂਸੀ ਦਾ ਤਮਗ਼ਾ ਜਿੱਤਿਆ।

## ਇੰਡੋ-ਪਾਕ (ਪੰਜਾਬ) ਖੇਡਾਂ

ਸਾਇਕਲਿੰਗ ਵਿੱਚ ਅਭਿਸ਼ੇਕ ਰਾਣਾ ਨੇ 1 ਚਾਂਦੀ ਅਤੇ 1 ਕਾਂਸੀ ਦਾ ਤਮਗ਼ਾ ਹਾਸਲ ਕੀਤਾ।

## ਖ਼ਾਲਸਾਈ ਖੇਡਾਂ

ਤੀਜੀਆਂ ਖ਼ਾਲਸਾਈ ਖੇਡਾਂ ਇਸ ਸਾਲ ਖ਼ਾਲਸਾ ਕਾਲਜ, ਪਟਿਆਲਾ ਵਿਖੇ ਕਰਵਾਈਆਂ ਗਈਆਂ। ਇਨ੍ਹਾਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਅਧੀਨ ਚਲ ਰਹੇ ਹਿੰਦੋਸਤਾਨ ਦੇ 21 ਕਾਲਜਾਂ ਨੇ ਭਾਗ ਲਿਆ। ਜਿਨ੍ਹਾਂ ਵਿਚੋਂ ਖ਼ਾਲਸਾ ਕਾਲਜ ਪਟਿਆਲਾ ਨੇ ਲਗਾਤਾਰ ਤੀਸਰੀ ਵਾਰ ਓਵਰ ਆਲ ਚੈਂਪੀਅਨਸ਼ਿਪ ਜਿੱਤੀ।

## ਕੰਪਿਊਟਰ ਵਿਭਾਗ :

ਕੰਪਿਊਟਰ ਵਿਭਾਗ ਵਲੋਂ ਸੈਸ਼ਨ ਦੇ ਆਰੰਭ ਵਿੱਚ 'ਕੰਪਿਊਟੋਨਿਕਸ ਕਲੱਬ' ਦੇ ਅਹੁਦੇਦਾਰਾਂ ਦੀ ਚੋਣ ਕੀਤੀ ਗਈ। ਇਸ ਕਲੱਬ ਵਲੋਂ ਮਹੀਨੇਵਾਰ ਮੈਗਜ਼ੀਨ 'ਕੰਪਿਊਟੋਨਿਕਸ ਟਾਈਮਜ਼' ਛਾਪਿਆ ਗਿਆ। ਕੰਪਿਊਟੋਨਿਕਸ ਕਲੱਬ ਵਲੋਂ 3 ਸਤੰਬਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 400 ਸਾਲਾਂ ਪ੍ਰਕਾਸ਼ ਉਤਸਵ ਦੇ ਸਬੰਧ ਵਿੱਚ ਸ੍ਰੀ ਕਮਲਜੀਤ ਸਿੰਘ, ਮੁੱਖੀ ਸਟੇਲਰ ਕੰਪਿਊਟਰ ਸਲੂਸ਼ਨਜ ਚੰਡੀਗੜ੍ਹ ਦਾ Emerging Trends & Technology and

Personality Development ਵਿਸ਼ੇ ਉੱਤੇ ਇੱਕ ਲੈਕਚਰ ਕਰਵਾਇਆ ਗਿਆ। ਇਸ ਕਲੱਬ ਵਲੋਂ 23 ਸਤੰਬਰ, 2004 ਨੂੰ ਇੱਕ ਇੰਟਰ ਸਟਰੀਮ ਕੁਇਜ਼ ਕੰਪੀਟੀਸ਼ਨ ਕਰਵਾਇਆ ਗਿਆ। ਪਹਿਲਾ, ਦੂਸਰਾ ਅਤੇ ਤੀਸਰਾ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਗਏ ਅਤੇ ਇਸ ਕਲੱਬ ਵਲੋਂ 13 ਜਨਵਰੀ, 2005 ਨੂੰ ਵਿਦਿਆਰਥੀਆਂ ਲਈ 'Job Avenues in Banking Insurance & IT'ਦੇ ਵਿਸ਼ੇ 'ਤੇ ਇੱਕ ਸੈਮੀਨਾਰ ਕਰਵਾਇਆ ਗਿਆ।

ਕੰਪਿਊਟਰ ਵਿਭਾਗ ਵਲੋਂ ਸੈਸ਼ਨ ਦੇ ਸ਼ੁਰੂ ਵਿੱਚ ਹੀ ਇੱਕ ਸੈਂਟਰਲ ਲੈਬ, ਦਾ ਗਠਨ ਕੀਤਾ ਗਿਆ। ਕਾਲਜ ਦੇ ਕਈ ਚਾਹਵਾਨ ਵਿਦਿਆਰਥੀਆਂ ਨੇ ਇਸ ਲੈਬ ਵਿੱਚ ਆਪਣੇ ਖ਼ਾਲੀ ਪੀਰੀਅਡ ਦੌਰਾਨ ਕੰਪਿਊਟਰ ਸਿੱਖਿਆ ਹਾਸਲ ਕੀਤੀ। ਵਿਭਾਗ ਦੇ 50 ਵਿਦਿਆਰਥੀਆਂ ਦਾ ਇੱਕ ਐਜੂਕੇਸ਼ਨਲ ਟੂਰ ਮਿਤੀ 16 ਜਨਵਰੀ ਤੋਂ 19 ਜਨਵਰੀ, 2005 ਤੱਕ ਦਿੱਲੀ, ਨੋਇਡਾ ਅਤੇ ਜੈਪੁਰ ਆਦਿ ਥਾਵਾਂ 'ਤੇ ਲਿਜਾਇਆ ਗਿਆ। ਕੰਪਿਊਟਰ ਮੈਨਟੀਨੈਂਸ ਦੇ ਵਿਦਿਆਰਥੀਆਂ ਲਈ ਮਿਤੀ 28 ਜਨਵਰੀ ਤੋਂ 19 ਫਰਵਰੀ, 2005 ਤੱਕ 'On The Job Training Workshop' ਲਗਾਈ ਗਈ। ਇਸ ਵਰਕਸ਼ਾਪ ਦੌਰਾਨ ਵਿਦਿਆਰਥੀਆਂ ਨੂੰ Networking & Trouble-shooting ਆਦਿ ਵਿਸ਼ਿਆਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ।

## ਸਾਇੰਸ ਵਿਭਾਗ

ਸਾਇੰਸ ਵਿਭਾਗ ਵਲੋਂ ਸੈਸ਼ਨ ਦੇ ਆਰੰਭ ਵਿਚ 'ਸਾਇੰਸ ਐਸੋਸੀਏਸ਼ਨ' ਦੀ ਸਥਾਪਨਾ ਵੀ ਸ਼ੁਰੂ ਕੀਤੀ ਗਈ। ਇਸ ਐਸੋਸੀਏਸ਼ਨ ਵੱਲੋਂ ਡਾ. ਮੋਹਨ ਸਿੰਘ, ਲੈਕਚਰਾਰ ਗੌਰਮਿੰਟ ਕਾਲਜ, ਲੁਧਿਆਣਾ ਦਾ 'Relation in Set Theory' ਵਿਸ਼ੇ ਉੱਤੇ ਮਿਤੀ 18 ਸਤੰਬਰ, 2004 ਨੂੰ ਲੈਕਚਰ ਕਰਵਾਇਆ ਗਿਆ। ਸਾਇੰਸ ਐਸੋਸੀਏਸ਼ਨ ਵੱਲੋਂ ਮਿਤੀ 22 ਜਨਵਰੀ, 2005 ਨੂੰ ਅੰਤਰ ਫੈਕਲਟੀ ਕੁਇਜ਼ ਕੰਪੀਟੀਸ਼ਨ ਕਰਵਾਇਆ ਗਿਆ। ਇਸ ਮੁਕਾਬਲੇ ਵਿੱਚ ਸਾਇੰਸ ਵਿਭਾਗ ਨੇ ਪਹਿਲੀ, ਆਰਟਸ ਵਿਭਾਗ ਨੇ ਦੂਸਰੀ ਅਤੇ ਕਾਮਰਸ ਵਿਭਾਗ ਨੇ ਤੀਸਰੀ ਪੁਜੀਸ਼ਨ ਹਾਸਲ ਕਰਕੇ ਕ੍ਰਮਵਾਰ 1000, 500 ਅਤੇ 400 ਰੁਪਏ ਦਾ ਨਕਦ ਇਨਾਮ ਹਾਸਲ ਕੀਤਾ।

ਸਾਇੰਸ ਵਿਭਾਗ ਦੇ ਕੁੱਝ ਵਿਦਿਆਰਥੀਆਂ ਦਾ ਟੂਰ ਕੰਪਿਊਟਰ ਵਿਭਾਗ ਦੇ ਵਿਦਿਆਰਥੀਆਂ ਨਾਲ ਜੈਪੁਰ ਅਤੇ ਦਿੱਲੀ ਵਿਖੇ ਲਿਜਾਇਆ ਗਿਆ। ਸਾਇੰਸ ਵਿਭਾਗ ਵਲੋਂ ਵਿਦਿਆਰਥੀਆਂ ਨੂੰ ਸਮੇਂ-ਸਮੇਂ ਸਿਰ ਕੈਰੀਅਰ ਸੰਬੰਧੀ ਜਾਣਕਾਰੀ ਦਿੱਤੀ ਗਈ ਅਤੇ ਉਨ੍ਹਾਂ ਨੂੰ ਭਵਿੱਖ ਵਿਚ ਸਾਇੰਸ ਨੂੰ ਕੈਰੀਅਰ ਦੇ ਤੌਰ 'ਤੇ ਅਪਣਾਉਣ ਲਈ

ਉਤਸਾਹਿਤ ਕੀਤਾ ਗਿਆ।

## ਕਾਮਰਸ ਵਿਭਾਗ

ਕਾਮਰਸ ਵਿਭਾਗ ਵਲੋਂ ਸੈਸ਼ਨ ਦੇ ਆਰੰਭ ਵਿੱਚ ਕਾਮਰਸ ਐਸੋਸੀਏਸ਼ਨ ਦੇ ਅਹੁਦੇਦਾਰਾਂ ਦੀ ਚੋਣ ਕੀਤੀ ਗਈ। ਇਸ ਐਸੋਸੀਏਸ਼ਨ ਵੱਲੋਂ 24 ਅਗਸਤ, 2004 ਨੂੰ ਸ੍ਰੀ ਜੇ. ਐਸ. ਅਨੇਜਾ ਰੀਜ਼ਨਲ ਮੈਨੇਜਰ, ਸਟੇਟ ਬੈਂਕ ਆਫ਼ ਪਟਿਆਲਾ ਵੱਲੋਂ 'ਸਵੈ ਰੋਜਗਾਰ ਅਤੇ ਪੜਾਈ ਲਈ ਸਟੇਟ ਬੈਂਕ ਆਫ਼ ਪਟਿਆਲਾ ਦੀ ਕਰਜਾ ਯੋਜਨਾ' ਵਿਸ਼ੇ 'ਤੇ ਇੱਕ ਐਕਸਟੈਨਸ਼ਨ ਲੈਕਚਰ ਕਰਵਾਇਆ ਗਿਆ। ਮਿਤੀ 8 ਸਤੰਬਰ, 2004 ਨੂੰ ਪ੍ਰਸਿੱਧ ਸਾਇੰਟੋਲੋਜੀ ਸ੍ਰੀ ਸੁਖਵਿੰਦਰ ਸਿਘ ਨੇ 'ਸੰਚਾਰ ਕੁਸ਼ਲਤਾ ਅਤੇ ਸਖਸ਼ੀਅਤ' ਵਿਸਥਾਰ ਵਿਸ਼ੇ ਉੱਤੇ ਇੱਕ ਲੈਕਚਰ ਦਿੱਤਾ। ਮਿਤੀ 16 ਸਤੰਬਰ, 2004 ਨੂੰ 'ਭਾਰਤੀ ਨੌਜਵਾਨਾਂ ਅਤੇ ਰੀਤੀ-ਰਿਵਾਜਾਂ ਉੱਤੇ ਇਲੈਕਟ੍ਰੋਨਿਕ ਮੀਡੀਏ ਦਾ ਪ੍ਰਭਾਵ' ਵਿਸ਼ੇ 'ਤੇ ਇੱਕ ਪੇਪਰ ਰੀਡਿੰਗ ਮੁਕਾਬਲਾ ਕਰਵਾਇਆ ਗਿਆ। 13 ਅਕਤੂਬਰ, 2004 ਨੂੰ ਫਾਇਨ ਆਰਟਸ ਵਿਭਾਗ ਦੇ ਮੁਖੀ ਪ੍ਰੋ. ਕਮਲ ਸੋਹਲ ਨੇ ਕਾਮਰਸ ਸ੍ਰੇਣੀਆਂ ਦੇ ਵਿਦਿਆਰਥੀਆਂ ਦੀ ਇੱਕ ਰੋਜ਼ਾ ਵਰਕਸ਼ਾਪ ਲਗਾਈ ਅਤੇ Layout of advertisement ਵਿਸ਼ੇ ਉੱਤੇ ਮੁਕਾਬਲਾ ਵੀ ਕਰਵਾਇਆ। ਮਿਤੀ 18 ਨਵੰਬਰ, 2004 ਨੂੰ ਕਾਮਰਸ ਐਸੋਸੀਏਸ਼ਨ ਵਲੋਂ ਕਾਮਰਸ ਸ੍ਰੇਣੀਆਂ ਦੇ ਵਿਦਿਆਰਥੀਆਂ ਦਾ ਕੁਇਜ਼ ਮੁਕਾਬਲਾ ਕਰਵਾਇਆ ਗਿਆ।

## ਬਾਇਓਟੈਕਨੌਲੋਜੀ ਵਿਭਾਗ

30 ਅਕਤੂਬਰ, 2004 ਨੂੰ ਬਾਇਓਟੈਕਨੌਲੋਜੀ ਵਿਭਾਗ ਵਲੋਂ ਵਿਭਾਗ ਵਿਚ ਥਾਪਰ ਇਨਸਟੀਚਿਊਟ ਆਫ਼ ਇੰਜੀਨਰਿੰਗ ਐਂਡ ਟੈਕਨਾਲੋਜੀ ਦੇ ਬਾਇਓਟੈਕਨੌਲੋਜੀ ਵਿਭਾਗ ਦੇ ਮੁਖੀ ਡਾ. ਸੁਨੀਲ ਖੰਨਾ ਦਾ ਲੈਕਚਰ ਕਰਵਾਇਆ ਗਿਆ। ਵਿਦਿਆਰਥੀਆਂ ਦੇ ਮਾਪਿਆਂ ਨੇ ਵੀ ਇਹ ਲੈਕਚਰ ਸੁਣਿਆ ਅਤੇ ਭਵਿੱਖ ਵਿਚ ਇਸ ਵਿਸ਼ੇ ਨਾਲ ਸਬੰਧਤ ਨੌਕਰੀ ਦੀਆਂ ਸੰਭਾਵਨਾਵਾਂ ਅਤੇ ਪ੍ਰਮੁੱਖ ਪੋਸਟ ਗਰੈਜੂਏਟ ਇਨਸਟੀਚਿਊਟਸ ਸਬੰਧੀ ਜਾਣਕਾਰੀ ਹਾਸਲ ਕੀਤੀ।

ਵਿਦਿਆਰਥੀਆਂ ਦੇ ਦੋ ਵਿਦਿਅਕ ਟੂਰ; ਇਕ ਥਾਪਰ ਸੈਂਟਰ ਫਾਰ ਇੰਡਸਟਰੀਅਲ ਰੀਸਰਚ ਐਂਡ ਡਿਵੈਲਪਮੈਂਟ ਵਿਖੇ ਅਤੇ ਦੂਸਰਾ Patiala Distillery at Main ਵਿਖੇ ਲਿਜਾਏ ਗਏ।

6 ਅਕਤੂਬਰ, 2004 ਨੂੰ ਵਿਭਾਗ ਦੇ ਪੰਜ ਵਿਦਿਆਰਥੀਆਂ ਨੇ ਬਾਰਾਂ ਦਰੀ ਬਾਗ, ਪਟਿਆਲਾ ਵਿਖੇ ਹੋਈ All India Human Rights Association Rally ਵਿਚ ਭਾਗ ਲਿਆ। ਵਿਭਾਗ ਦੇ ਵਿਦਿਆਰਥੀਆਂ ਨੇ

18 ਤੋਂ 30 ਨਵੰਬਰ, 2004 ਤੱਕ ਥਾਪਰ ਕਾਲਜ ਵਿਖੇ ਹੋਈ ਅੰਤਰ ਰਾਸ਼ਟਰੀ ਪੱਧਰ ਦੀ ਕਾਨਫਰੰਸ Bioconvergence 2004 ਵਿਚ ਸ਼ਮੂਲੀਅਤ ਕੀਤੀ। ਵਿਭਾਗ ਦੇ ਛੇ ਵਿਦਿਆਰਥੀਆਂ ਨੇ 2 ਅਤੇ 3 ਫਰਵਰੀ, 2005 ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਹੋਏ Naiotnal Symposium Med-Biotech 2005 ਵਿਚ ਭਾਗ ਲਿਆ ਅਤੇ ਕੁਝ ਵਿਸ਼ਿਆਂ 'ਤੇ ਪੋਸਟਰ ਵੀ ਪੇਸ਼ ਕੀਤੇ। ਵਿਦਿਆਰਥਣ ਵੰਦਨਾ ਨੇ 4 ਜਨਵਰੀ, 2005 ਨੂੰ Small Scale Industries Solan, ਹਿਮਾਚਲ ਵਲੋਂ ਲਗਾਈ ਗਈ ਇਕ ਰੋਜ਼ਾ ਵਰਕਸ਼ਾਪ ਵਿਚ ਭਾਗ ਲਿਆ। ਮਿਤੀ 18 ਫਰਵਰੀ, 2005 ਨੂੰ ਵਿਭਾਗ ਵਿਚ, ਪੰਜਾਬੀ ਯੂਨੀਵਰਸਿਟੀ ਦੇ ਬਾਇਓਟੈਕਨੋਲੋਜੀ ਵਿਭਾਗ ਦੇ ਮੁਖੀ ਨੇ On Overview of Biotechnology ਵਿਸ਼ੇ 'ਤੇ ਇਕ ਐਕਸਟੈਨਸ਼ਨ ਲੈਕਚਰ ਦਿੱਤਾ।

# ਸਹਿ ਵਿਦਿਅਕ ਸਰਗਰਮੀਆਂ / ਪ੍ਰਾਪਤੀਆਂ

ਕਾਲਜ ਦੀਆਂ ਇਸ ਸੈਸ਼ਨ ਦੀਆਂ ਸਰਗਰਮੀਆਂ ਅਤੇ ਪ੍ਰਾਪਤੀਆਂ ਦਾ ਵੇਰਵਾ ਇਸ ਪ੍ਰਕਾਰ ਹੈ :-

## ਸਭਿਆਚਾਰਕ ਸਰਗਰਮੀਆਂ / ਪ੍ਰਾਪਤੀਆਂ :

ਸਭਿਆਚਾਰਕ ਸਰਗਰਮੀਆਂ ਦੇ ਇਨਚਾਰਜ ਪ੍ਰੋ. ਮਲਜਿੰਦਰ ਕੌਰ ਦੀ ਅਗਵਾਈ ਅਧੀਨ ਮਿਤੀ 18-9-04 ਨੂੰ ਕਾਲਜ ਵਿਚ ਵਿਦਿਆਰਥੀਆਂ ਦਾ ਗੀਤ / ਗ਼ਜ਼ਲ, ਹਿਸਟ੍ਰਾਨਿਕਸ, ਡੀਬੇਟ, ਕਵਿਤਾ ਉਚਾਰਣ ਅਤੇ ਫ਼ਾਈਨ ਆਰਟਸ ਦੀਆਂ ਆਈਟਮਾਂ ਦਾ ਪ੍ਰਤਿਭਾ ਖੋਜ ਮੁਕਾਬਲਾ ਕਰਵਾਇਆ ਗਿਆ।

ਕਾਲਜ ਨੇ 14 ਅਕਤੂਬਰ ਤੋਂ 16 ਅਕਤੂਬਰ, 04 ਤੱਕ, ਫ਼ਿਜੀਕਲ ਕਾਲਜ, ਪਟਿਆਲਾ ਵਿਖੇ ਹੋਏ ਜ਼ੋਨਲ ਪੱਧਰ ਦੇ ਮੁਕਾਬਲੇ ਵਿਚ ਗ਼ਜ਼ਲ, ਨਾਨ ਪ੍ਰਕਸ਼ਨ, ਹਿਸਟ੍ਰਾਨਿਕਸ, ਰੰਗੋਲੀ, ਕਾਰਟੂਨਿੰਗ ਵਿਚ ਪਹਿਲਾ ਸਥਾਨ ਅਤੇ ਕੋਲਾਜ਼, ਕਵਿਤਾ ਉਚਾਰਣ, ਐਲਿਓਕੇਸ਼ਨ, ਮਾਈਮ, ਭੰਗੜਾ ਅਤੇ ਰੰਗੋਲੀ ਵਿਚ ਦੂਸਰਾ ਸਥਾਨ ਹਾਸਲ ਕੀਤਾ।

ਕਾਲਜ ਨੇ ਨਵੰਬਰ, 2004 ਵਿਚ ਹੋਏ ਅੰਤਰ ਜ਼ੋਨਲ ਯੁਵਕ ਮੇਲੇ ਵਿਚ ਗ਼ਜ਼ਲ, ਰੰਗੋਲੀ ਵਿਚ ਪਹਿਲਾ ਸਥਾਨ ਲੈ ਕੇ ਗੋਲਡ ਮੈਡਲ ਅਤੇ ਨਾਨ ਪ੍ਰਕਸ਼ਨ, ਕਾਰਟੂਨਿੰਗ ਵਿਚ ਦੂਸਰਾ ਸਥਾਨ ਲੈ ਕੇ ਸਿਲਵਰ ਮੈਡਲ ਜਿੱਤਿਆ।

17 ਨਵੰਬਰ ਤੋਂ 22 ਨਵੰਬਰ, 2004 ਤੱਕ ਬਨਾਰਸ ਵਿਖੇ ਹੋਏ ਆਲ ਇੰਡੀਆ ਇੰਟਰਵਰਸਿਟੀ ਮੁਕਾਬਲੇ ਵਿਚ ਬੀ.ਏ: ਭਾਗ ਤੀਜਾ ਦੇ ਵਿਦਿਆਰਥੀ ਜੀ.ਪੀ. ਸਿੰਘ ਨੇ ਭੰਗੜੇ ਵਿਚ ਪਹਿਲਾ ਸਥਾਨ ਲੈ ਕੇ ਗੋਲਡ ਮੈਡਲ ਹਾਸਲ ਕੀਤਾ। ਇਸ ਮੁਕਾਬਲੇ ਵਿਚ ਹੀ ਬੀ.ਏ. ਭਾਗ ਦੂਸਰਾ ਦੇ ਵਿਦਿਆਰਥੀ ਮਨਪ੍ਰੀਤ ਸਿੰਘ ਨੇ ਗ਼ਜ਼ਲ ਵਿਚ

ਦੂਸਰਾ ਸਥਾਨ ਲੈ ਕੇ ਸਿਲਵਰ ਮੈਡਲ ਜਿੱਤਿਆ।

4 ਦਸੰਬਰ ਤੋਂ 6 ਦਸੰਬਰ, 2004 ਤੱਕ ਫ਼ਤਹਿਗੜ੍ਹ ਸਾਹਿਬ ਵਿਖੇ ਹੋਏ ਪਹਿਲੇ ਖ਼ਾਲਸਾਈ ਯੁਵਕ ਮੇਲੇ ਵਿਚ ਕਾਲਜ ਨੇ ਇਕਾਂਗੀ ਵਿਚ ਦੂਸਰਾ ਸਥਾਨ ਹਾਸਲ ਕੀਤਾ।

RIMT ਗੋਬਿੰਦਗੜ੍ਹ ਵਿਖੇ 28 ਫਰਵਰੀ, 05 ਤੋ 1 ਮਾਰਚ, 05 ਤੱਕ ਸਾਰੇ ਕਾਲਜਾਂ ਦੇ ਵੱਖ ਆਈਟਮਾਂ ਦੇ ਮੁਕਾਬਲੇ ਹੋਏ। ਜਿਸ ਵਿਚ ਬੀ.ਏ. ਭਾਗ 3 ਦੇ ਵਿਦਿਆਰਥੀ ਕੁਲਪ੍ਰੀਤ ਸਿੰਘ ਨੇ ਆਨ ਦੀ ਸਪਾਟ ਪੇਂਟਿੰਗ ਅਤੇ ਗਰੁੱਪ ਸਾਂਗ ਵਿਚ ਪਹਿਲਾ ਸਥਾਨ ਹਾਸਲ ਕੀਤਾ।

ਕਾਲਜ ਦੇ ਵਿਦਿਆਰਥੀ ਸਰਬਜੀਤ ਸਿੰਘ ਝਿੰਜਰ, ਬੀ ਏ. ਭਾਗ-3, ਸਰਬਜੀਤ ਸਿੰਘ, ਬੀ.ਏ. ਭਾਗ ਪਹਿਲਾ, ਪ੍ਰਭਜੋਤ ਸਿੰਘ ਬੀ.ਏ. ਭਾਗ ਪਹਿਲਾ ਭੰਗੜਾ ਟੀਮ ਨੇ ਸਿੰਘਾਪੁਰ, ਥਾਈਲੈਂਡ ਅਤੇ ਕੰਬੋਡੀਆ ਵਿਖੇ ਗਏ। ਸਰਬਜੀਤ ਸਿੰਘ, ਬੀ.ਏ. ਭਾਗ ਪਹਿਲਾ ਦੀ 14 ਜਨਵਰੀ, 2005 ਤੋਂ "ਇਡੀਅਨ ਪੈਵੀਲਨ 2005" ਵਿਚ ਭੰਗੜਾ ਟੀਮ ਨਾਲ ਜਾਣ ਦੀ ਚੋਣ ਹੋਈ। ਇਹ ਵਿਦਿਆਰਥੀ ਭੰਗੜਾ ਪਾਉਣ ਵਾਸਤੇ ਡੁਬਈ ਵੀ ਗਿਆ।

# ਐਨ.ਸੀ.ਸੀ. (ਆਰਮੀ ਵਿੰਗ)

ਮੇਜਰ ਜਸਵੰਤ ਸਿੰਘ (ਐਨ.ਸੀ.ਸੀ. ਅਫ਼ਸਰ) ਦੀ ਅਗਵਾਈ ਹੇਠ ਇਸ ਸੈਸ਼ਨ ਦੌਰਾਨ ਐਨ.ਸੀ.ਸੀ. ਦੇ ਆਰਮੀ ਵਿੰਗ ਵਿਚ 60 ਕੈਡਿਟਸ ਭਰਤੀ ਕੀਤੇ ਗਏ। ਪਹਿਲੇ ਸਾਲ ਵਿਚ ਕੁਲ 33 ਕੈਡਿਟਸ ਹਨ, ਜਿਨ੍ਹਾਂ ਵਿਚੋਂ 6 ਕੈਡਿਟਸ ਲੜਕੀਆਂ ਹਨ। ਦੂਜੇ ਸਾਲ ਵਿਚ 14 ਅਤੇ ਤੀਜੇ ਸਾਲ ਵਿਚ 13 ਕੈਡਿਟਸ ਭਰਤੀ ਕੀਤੇ ਗਏ। ਕਾਲਜ ਦੇ 7 ਕੈਡਿਟਸ ਨੇ ਅਜ਼ਾਦੀ ਦਿਵਸ ਸਮਾਰੋਹ ਵਿਚ ਹਿੱਸਾ ਲਿਆ। ਕਾਲਜ ਦਾ ਇਕ ਕੈਡਿਟ ਪ੍ਰੀਡੀਕੈਟ ਕੈਂਪ ਲਈ ਚੁਣਿਆ ਗਿਆ। ਨਵੰਬਰ, 2004 ਵਿਚ ਕਾਲਜ ਦੇ 14 ਕੈਡਿਟਸ ਨੇ ਆਰਮੀ ਅਟੇਚਮੈਂਟ ਕੈਂਪ ਲਗਾਇਆ। ਦੋ ਕੈਡਿਟਸ ਨੇ ਬਠਿੰਡਾ ਵਿਖੇ ਪਰੀਥਲ ਸੈਨਾ ਕੈਂਪ ਲਗਾਇਆ। ਇਸ ਕੈਂਪ ਦੌਰਾਨ ਯੂ.ਓ. ਨੀਰਜ ਭੂਟਾਨੀ ਨੇ ਦੂਜੀ ਪੁਜੀਸ਼ਨ ਹਾਸਲ ਕਰਕੇ ਟਰਾਫ਼ੀ ਪ੍ਰਾਪਤ ਕੀਤੀ। ਯੂ.ਓ. ਗੁਰਵਿੰਦਰ ਸਿੰਘ ਨੇ ਥਲਸੈਨਾ ਕੈਂਪ ਗੁੜਗਾਵਾਂ ਵਿਖੇ ਲਗਾਇਆ ਅਤੇ ਰਾਈਫ਼ਲ ਸ਼ੂਟਿੰਗ ਵਿਚ ਦੂਜੀ ਪੁਜੀਸ਼ਨ ਹਾਸਲ ਕੀਤੀ। ਕਾਲਜ ਦੇ 4 ਕੈਡਿਟਸ ਦੇ 'ਵਲਡ ਏਡਜ਼' ਡੇ ਅਤੇ ਬਲੱਡ ਡੁਨੇਸ਼ਨ ਕੈਂਪ ਵਿੱਚ ਹਿੱਸਾ ਲਿਆ। ਦਸੰਬਰ, 2004 ਦੌਰਾਨ, ਪਟਿਆਲਾ ਵਿਖੇ ਹੋਈਆਂ ਇੰਡੋ ਪਾਕ ਖੇਡਾਂ ਵਿਚ 3 ਕੈਡਿਟਸ ਨੇ ਡਿਊਟੀ ਦਿੱਤੀ। ਮਿਤੀ 6-12-04 ਤੋਂ 19-12-04 ਤੱਕ ਕਾਲਜ ਦੇ 8 ਕੈਡਿਟਸ ਅਤੇ

ਐਨ.ਸੀ.ਸੀ. ਅਫ਼ਸਰ ਮੇਜਰ ਜਸਵੰਤ ਸਿੰਘ ਨੇ ਸ਼ੀਲੋਂਗ ਵਿਖੇ ਆਲ ਇੰਡੀਆ ਟ੍ਰੇਨਿੰਗ ਕੈਂਪ ਲਗਾਇਆ।

ਮਿਤੀ 26 ਜਨਵਰੀ ਦੀ ਪਰੇਡ ਵਿਚ ਕਾਲਜ ਦੇ 13 ਕੈਡਿਟਸ ਨੇ ਭਾਗ ਲਿਆ। ਜਨਵਰੀ ਮਹੀਨੇ ਵਿਚ ਪਟਿਆਲਾ ਵਿਖੇ ਲੱਗੇ ਸੀ.ਏ.ਟੀ.ਸੀ. ਕੈਂਪ ਵਿਚ 5 ਕੈਡਿਟਸ ਨੇ ਭਾਗ ਲਿਆ। ਕਾਲਜ ਦਾ ਇਕ ਵਿਦਿਆਰਥੀ ਐਸ.ਯੂ. ਓ. ਵਿਪਿਨ ਸ਼ਰਮਾ 5 ਪੰਜਾਬ ਬਟਾਲੀਅਨ ਐਨ.ਸੀ.ਸੀ. ਪਟਿਆਲਾ ਦਾ ਬੈਸਟ ਕੈਡਿਟ ਚੁਣਿਆ ਗਿਆ ਅਤੇ ਇਸ ਵਿਦਿਆਰਥੀ ਨੂੰ ਨੈਸ਼ਨਲ ਇੰਟੇਗਰੇਸ਼ਨ ਕੈਂਪ, ਲੇਹ ਲਦਾਖ ਵਿਖੇ ਆਲ ਇੰਡੀਆ ਬੈਸਟ ਕੈਡਿਟ ਦਾ ਖਿਤਾਬ ਵੀ ਮਿਲਿਆ। ਇਸ ਸੈਸ਼ਨ ਦੌਰਾਨ ਐਨ.ਸੀ.ਸੀ. ਦੇ 8 ਕੈਡਿਟਸ 'ਬੀ' ਪੇਪਰ, 13 ਕੈਡਿਟਸ 'ਸੀ' ਪੇਪਰ ਵਿਚ ਬੈਠ ਰਹੇ ਹਨ।

## ਐਨ.ਸੀ.ਸੀ. (ਏਅਰ ਵਿੰਗ)

ਫਲਾਇੰਗ ਅਫ਼ਸਰ ਗੁਰਮੀਤ ਸਿੰਘ ਦੀ ਨਿਗਰਾਨੀ ਹੇਠ ਚਲ ਰਹੇ ਐਨ.ਸੀ.ਸੀ. (ਏਅਰ ਵਿੰਗ) ਵਿਚ ਇਸ ਸੈਸ਼ਨ ਦੌਰਾਨ 20 ਨਵੇਂ ਵਿਦਿਆਰਥੀ ਭਰਤੀ ਕੀਤੇ ਗਏ। ਮਿਤੀ 2-10-2004 ਤੋਂ 15-10-2004 ਤੱਕ ਲੁਧਿਆਣਾ ਵਿਖੇ ਤਿੰਨ ਕੈਡਿਟਸ ਨੇ ਪੀ.ਬੀ.ਐਸ.ਸੀ. ਕੈਂਪ ਲਗਾਇਆ। ਤਿੰਨ ਕੈਡਿਟਸ ਨੇ ਅਕਤੂਬਰ, 2004 ਵਿੱਚ ਬੰਗਲੌਰ ਵਿਖੇ ਵਾਯੂ ਸੈਨਾ ਕੈਂਪ ਲਗਾਇਆ। ਮਿਤੀ 17-10-2004 ਤੋਂ 28-10-2004 ਤੱਕ ਦੇਸ਼ ਭਗਤ ਕਾਲਜ ਧੂਰੀ ਵਿਖੇ ਛੇ ਕੈਡਿਟਸ ਨੇ ਏ. ਐਮ. ਕੈਂਪ ਲਗਾਇਆ। ਇਸ ਕੈਂਪ ਵਿੱਚ ਕਾਲਜ ਦੇ ਏ.ਐਨ.ਓ. ਗੁਰਮੀਤ ਸਿੰਘ ਨੇ ਭਾਗ ਲਿਆ। 10 ਕੈਡਿਟਸ ਨੇ ਪਟਿਆਲਾ ਵਿਖੇ ਹੋਈਆਂ ਇੰਡੋ ਪਾਕ ਗੇਮਜ਼ ਵਿਚ ਡਿਊਟੀ ਨਿਭਾਈ।

## ਐਨ. ਐਸ. ਐਸ.

ਐਨ. ਐਸ. ਐਸ. ਵਿਭਾਗ ਦੇ ਪ੍ਰੋਗਰਾਮ ਅਫ਼ਸਰ ਗਗਨਦੀਪ ਸਿੰਘ ਦੀ ਅਗਵਾਈ ਹੇਠ ਇਸ ਸਾਲ ਐਨ. ਐਸ. ਐਸ. ਦੀਆਂ ਤਿੰਨ ਯੂਨਿਟਾਂ ਵਿਚ 325 ਵਿਦਿਆਰਥੀਆਂ ਨੂੰ ਐਨਰੋਲ ਕੀਤਾ ਗਿਆ। ਵਿਦਿਆਰਥੀਆਂ ਨੇ ਐਨ.ਐਸ.ਐਸ. ਵਿਭਾਗ ਵਲੋਂ ਇੱਕ ਖ਼ੂਨ-ਦਾਨ ਕੈਂਪ ਦਾ ਆਯੋਜਨ ਕੀਤਾ, ਜਿਸ ਵਿਚ 86 ਵਿਦਿਆਰਥੀਆਂ ਨੇ ਖ਼ੂਨ ਦਾਨ ਕੀਤਾ। 50 ਵਿਦਿਆਰਥੀਆਂ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਹੋਈ ਵਿਸ਼ਵ ਪੰਜਾਬੀ ਕਾਨਫਰੰਸ ਵਿਚ ਸ਼ਮੂਲੀਅਤ ਕੀਤੀ। ਐਨ.ਐਸ.ਐਸ. ਵਿਭਾਗ ਦੇ ਵਿਦਿਆਰਥੀ ਵਾਰੰਗਲ ਯੂਨੀਵਰਸਿਟੀ ਵਲੋਂ ਆਏ ਉਨ੍ਹਾਂ ਵਿਦਿਆਰਥੀਆਂ ਦੇ ਰੂ-ਬ-ਰੂ ਵੀ ਹੋਏ ਜੋ ਸਭਿਆਚਾਰ ਅਦਾਨ-ਪ੍ਰਦਾਨ ਦੇ ਅੰਤਰਗਤ ਆਏ ਸਨ। ਉਨ੍ਹਾਂ ਵਿਦਿਆਰਥੀਆਂ

ਦੀ ਰਿਹਾਇਸ਼ ਦਾ ਪ੍ਰਬੰਧ ਵੀ ਐਨ.ਐਸ.ਐਸ. ਵਲੰਟੀਅਰਾਂ ਨੇ ਆਪਣੇ ਘਰਾਂ ਵਿਚ ਕੀਤਾ।

ਐਨ.ਐਸ.ਐਸ. ਦੇ ਦੋ ਯੂਨਿਟਾਂ ਵਲੋਂ ਪਿੰਡ ਅਸਮਾਨਪੁਰ ਅਤੇ ਅਕੋਤ ਵਿਖੇ 10 ਰੋਜਾ ਕੈਂਪ (ਮਿਤੀ 17-12-04 ਤੋਂ 26-12-04 ਤੱਕ) ਦਾ ਆਯੋਜਨ ਕੀਤਾ ਗਿਆ। ਕੈਂਪ ਦੌਰਾਨ ਵਲੰਟੀਅਰਾਂ ਵਲੋਂ ਜਿੱਥੇ ਪਿੰਡ ਦੀ ਸਫ਼ਾਈ, ਪਿੰਡ ਦੇ ਗੁਰਦੁਆਰਾ ਸਾਹਿਬ ਦੀ ਸਫ਼ਾਈ, ਪਿੰਡ ਦੇ ਸਕੂਲ ਦੀ ਸਫ਼ਾਈ ਅਤੇ ਕਲੀ ਕੀਤੀ ਕਰਵਾਈ ਗਈ। ਉੱਥੇ ਪਿੰਡ ਵਿਚ ਸਾਖਰਤਾ ਮੁਹਿੰਮ ਵੀ ਚਲਾਈ ਗਈ। ਮੁਹਿੰਮ ਦੌਰਾਨ ਪਿੰਡ ਦੇ ਅਨਪੜ੍ਹ ਵਸਨੀਕਾਂ ਨੂੰ ਨਾਮ ਲਿਖਣਾ ਸਿਖਾਇਆ ਗਿਆ। ਕੈਂਪ ਦੌਰਾਨ ਹੀ ਮਿਤੀ 25-12-04 ਨੂੰ ਇਕ ਬਲੱਡ ਡੋਨੇਸ਼ਨ ਕੈਂਪ ਵੀ ਲਗਾਇਆ ਗਿਆ। ਜਿਸ ਵਿਚ 26 ਵਲੰਟੀਅਰਾਂ ਨੇ ਖੂਨ ਦਾਨ ਕੀਤਾ। ਕੈਂਪ ਦੇ ਅੰਤਲੇ ਦਿਨ ਇਕ ਚੇਤਨਾ ਰੈਲੀ ਕੱਢੀ ਗਈ। ਜਿਸ ਦਾ ਮੁਖ ਵਿਸ਼ਾ ਨਸ਼ਾ ਮੁਕਤ ਸਮਾਜ ਦੀ ਉਸਾਰੀ ਕਰਨਾ, ਰੁਖ ਲਗਾਉਣੇ, ਪੜ੍ਹਨਾ ਤੇ ਪੜ੍ਹਾਉਣਾ ਆਦਿ ਸੀ।

ਉਪਰੋਕਤ ਤੋਂ ਇਲਾਵਾ ਵਿਦਿਆਰਥੀਆਂ ਵਲੋਂ ਸਮੇਂ-ਸਮੇਂ 'ਤੇ ਕਾਲਜ ਵਿਚ ਹੋਣ ਵਾਲੇ ਹੋਰ ਪ੍ਰੋਗਰਾਮਾਂ ਵਿਚ ਵੀ ਵੱਧ-ਚੜ੍ਹ ਕੇ ਹਿੱਸਾ ਪਾਇਆ ਗਿਆ।

## ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ

ਮਿਤੀ 11-8-2004 ਨੂੰ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਯੂਨਿਟ ਸਥਾਪਿਤ ਕੀਤਾ ਗਿਆ। ਇਸ ਸਰਕਲ ਵਲੋਂ 30-8-2004 ਤੋਂ 1-9-2004 ਤਕ ਗੁਰੂ ਗ੍ਰੰਥ ਸਾਹਿਬ ਦੇ 400 ਸਾਲ ਪ੍ਰਕਾਸ਼ ਉਤਸਵ ਦੇ ਸੰਬੰਧ ਵਿਚ ਤਕਰੀਬਨ 70 ਵਿਦਿਆਰਥੀਆ ਨੂੰ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ਕਰਵਾਏ ਗਏ।

22-9-2004 ਨੂੰ ਪ੍ਰੋ. ਤਰਲੋਚਨ ਸਿੰਘ ਮਹਾਜਨ ਵਲੋਂ ਟਰਾਂਸਪੇਰੈਨਸਿਜ਼ ਦੀ ਮੱਦਦ ਨਾਲ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ "ਧਰਮਾਂ ਵਿਚ ਸ਼ਕਤੀ ਦਾ ਵਿਕੇਂਦਰੀਕਰਣ" ਵਿਸ਼ੇ 'ਤੇ ਲੈਕਚਰ ਦਿੱਤਾ ਗਿਆ।

ਮਿਤੀ 24-9-2004 ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ 'ਤੇ ਡਾ. ਕੁਲਦੀਪ ਸਿੰਘ ਧੀਰ ਦਾ ਲੈਕਚਰ ਕਰਵਾਇਆ ਗਿਆ।

19 ਨਵੰਬਰ, 2004 ਨੂੰ ਕਾਲਜ ਵਿੱਚ ਨੈਤਿਕ ਸਿੱਖਿਆ ਇਮਤਿਹਾਨ (ਗੁਰਮਤਿ ਇਮਤਿਹਾਨ) ਕਰਵਾਇਆ ਗਿਆ। ਇਸ ਵਿਚ 13 ਵਿਦਿਆਰਥੀਆਂ ਨੇ ਭਾਗ ਲਿਆ।

ਕਾਲਜ ਦੇ ਤਿੰਨ ਵਿਦਿਆਰਥੀਆਂ ਨੇ ਸਹਿਜ ਪਾਠ ਮੁਕਾਬਲੇ ਵਿਚ A, A+ ਅਤੇ A++ ਗਰੇਡ ਹਾਸਲ ਕੀਤੇ। ਇਹ ਪਾਠ ਮੁਕਾਬਲਾ ਲੁਧਿਆਣਾ ਕੇਂਦਰੀ ਦਫ਼ਤਰ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਕਰਵਾਇਆ ਗਿਆ।

30-11-2004 ਨੂੰ "ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ" ਤੇ ਡਾ. ਬ੍ਰਿਜਪਾਲ ਸਿੰਘ (ਸਕੱਤਰ ਅੰਤਰਰਾਸ਼ਟਰੀ ਕੌਂਸਲ ਸਿੱਖ ਲੇਖਕਾਂ) ਵਲੋਂ ਅਧਿਆਪਕਾਂ ਅਤੇ ਵਿਦਿਆਰਥੀਆਂ ਲਈ ਸੈਮੀਨਾਰ ਕਰਵਾਇਆ ਗਿਆ।

ਕਾਲਜ ਦੇ ਅਧਿਆਪਕਾਂ ਅਤੇ ਵਿਦਿਆਰਥੀਆ ਨੂੰ "ਸਾਹਿਬਜ਼ਾਦਿਆਂ ਅਤੇ ਮਾਤਾ ਗੁਜ਼ਰੀ ਜੀ ਦੇ 300 ਸਾਲਾ ਸ਼ਹੀਦੀ ਦਿਵਸ" ਮੌਕੇ ਚਕਮੌਰ ਸਾਹਿਬ ਅਤੇ ਫਤਿਹਅਗੜ੍ਹ ਸਾਹਿਬ ਦੇ ਦਰਸ਼ਨਾਂ ਲਈ ਧਾਰਮਿਕ ਟੂਰ ਦਾ ਆਯੋਜਨ ਕੀਤਾ ਗਿਆ। ਇਸ ਸਰਕਲ ਵਲੋਂ ਸਿਲੀਗਰ ਬਸਤੀ ਦੇ ਲੋਕਾਂ ਨੂੰ ਕੱਪੜੇ ਵੰਡੇ ਗਏ।

ਪੰਜਾਬ ਦੇ ਸਾਰੇ ਕਾਲਜਾਂ ਦਾ ਸ਼ਤਾਬਦੀਆਂ ਦੇ ਸਬੰਧ ਵਿੱਚ ਲੇਖ ਮੁਕਾਬਲਾ ਕਰਵਾਇਆ ਗਿਆ। ਇਸ ਵਿਚ 10 ਕਾਲਜਾਂ ਨੇ ਭਾਗ ਲਿਆ। ਹਰ ਕਾਲਜ ਦੇ ਵਿਦਿਆਰਥੀਆਂ ਨੂੰ ਨਕਦ ਅਤੇ ਕਿਤਾਬਾਂ ਦੇ ਇਨਾਮ ਦਿੱਤੇ ਗਏ। ਇਨਾਮਾਂ ਦੀ ਸੇਵਾ ਗੁਰੂ ਅਰਜਨ ਕੀਰਤਨ ਮੰਡਲ, ਪਟਿਆਲਾ ਨੇ ਕੀਤੀ ਅਤੇ ਆਪਣਾ ਸਹਿਯੋਗ ਦਿੱਤਾ।

# ਯੂਥ ਕਲੱਬ

ਪ੍ਰੋ. ਜਤਿੰਦਰ ਸਿੰਘ ਭੁਟਾਲ ਦੀ ਅਗਵਾਈ ਅਧੀਨ ਯੂਥ ਕਲੱਬ ਦੀ ਸਥਾਪਨਾ ਕੀਤੀ ਗਈ। ਯੂਥ ਕਲੱਬ ਦੇ ਵਿਦਿਆਰਥੀਆਂ ਦਾ ਹਰਿਦੁਆਰ, ਰਿਸ਼ੀਕੇਸ਼, ਦੇਹਰਾਦੂਨ, ਮਸੂਰੀ ਅਤੇ ਪਾਊਂਟਾ ਸਾਹਿਬ ਵਿਖੇ ਵਿਦਿਅਕ ਅਤੇ ਧਾਰਮਕ ਟੂਰ ਲਿਜਾਇਆ ਗਿਆ। ਇਸ ਕੱਲਬ ਵਲੋਂ ਕਾਲਜ ਵਿਚ 'ਯੁਵਕਾਂ ਦਾ ਸਮਾਜ ਦੇ ਨਿਰਮਾਣ ਵਿਚ ਯੋਗਦਾਨ' ਵਿਸ਼ੇ 'ਤੇ ਇਕ ਲੈਕਚਰ ਵੀ ਕਰਵਾਇਆ ਗਿਆ।

# ਕੈਰੀਅਰ ਗਾਇਡੈਂਸ ਸੈੱਲ

ਪ੍ਰੋ. ਜਤਿੰਦਰ ਸਿੰਘ ਭੁਟਾਲ ਦੀ ਅਗਵਾਈ ਅਧੀਨ ਸਥਾਪਤ ਕੀਤੇ ਗਏ ਕੈਰੀਅਰ ਗਾਈਡੈਂਸ ਸੈੱਲ ਵਲੋਂ ਵਿਦਿਆਰਥੀਆਂ ਨੂੰ ਅਠਵੇਂ ਪੀਰੀਅਡ ਦੌਰਾਨ ਕੈਰੀਅਰ ਸਬੰਧੀ ਗਾਈਡ ਕੀਤਾ ਗਿਆ ਤੇ ਸਮੇਂ-ਸਮੇਂ 'ਤੇ ਨੋਟਿਸ ਬੋਰਡ ਉਪਰ ਕੈਰੀਅਰ ਸਬੰਧੀ ਇਸ਼ਤਿਹਾਰ ਲਗਾਏ ਗਏ।

# ਪਾਪੂਲੇਸ਼ਨ ਐਜੂਕੇਸ਼ਨ ਕਲੱਬ

29 ਜਨਵਰੀ, 2005 ਨੂੰ ਪਾਪੂਲੇਸ਼ਨ ਐਜੂਕੇਸ਼ਨ ਕਲੱਬ ਦੇ ਕਨਵੀਨਰ ਪ੍ਰੋ. ਰੁਪਿੰਦਰ ਸਿੰਘ ਸੋਢੀ ਅਤੇ ਮੈਂਬਰ ਡਾ. ਪੁਸ਼ਪਿੰਦਰ ਕੌਰ ਅਤੇ ਪ੍ਰੋ. ਨਵਨੀਤ ਕੌਰ ਢਿਲੋਂ ਵਲੋਂ ਡਾ. ਹਰਵਿੰਦਰ ਕੌਰ, ਰੀਡਰ ਇਕਨਾਮਿਕਸ, ਪੱਤਰ ਵਿਹਾਰ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ 'Status of Women and their Fertility Behaviour ਵਿਸ਼ੇ 'ਤੇ ਇਕ ਐਕਸਟੈਨਸ਼ਨ ਲੈਕਚਰ ਕਰਵਾਇਆ ਗਿਆ।

# ਹੈਲਥ ਕੇਅਰ ਸੈਂਟਰ

ਪ੍ਰੋ. ਅੰਬਿਕਾ ਦੀ ਸੁਯੋਗ ਅਗਵਾਈ ਅਧੀਨ ਚਲ ਰਹੇ ਹੈਲਥ ਕੇਅਰ ਸੈਂਟਰ ਦੁਆਰਾ ਸੈਸ਼ਨ ਦੇ ਆਰੰਭ ਵਿਚ ਡਾਕਟਰ ਦੀ ਨਿਯੁਕਤੀ ਕੀਤੀ ਗਈ। ਇਸ ਸੈਂਟਰ ਦੁਆਰਾ ਹਰ ਰੋਜ਼ ਸਵੇਰੇ 11 ਵਜੇ ਤੋਂ ਦੁਪਹਿਰ 1 ਵਜੇ ਤੱਕ ਲੋੜਵੰਦ ਵਿਦਿਆਰਥੀਆਂ ਅਤੇ ਕਰਮਚਾਰੀਆਂ ਦੀ ਮੁਫ਼ਤ ਡਾਕਟਰੀ ਜਾਂਚ ਕੀਤੀ ਗਈ। ਇਸ ਸੈਂਟਰ ਦੁਆਰਾ ਕਾਲਜ ਵਿਚ 13 ਸਤੰਬਰ ਤੋਂ 18 ਸਤੰਬਰ ਤੱਕ 'ਹੈਲਥ ਅਵੇਅਰਨੈਸ ਵੀਕ' ਮਨਾਇਆ ਗਿਆ। ਇਸ ਦੌਰਾਨ ਕਾਲਜ ਵਿਦਿਆਰਥੀਆਂ ਦਾ ਮੁਫ਼ਤ ਜਨਰਲ ਚੈਕਅਪ ਕਰਵਾਇਆ ਗਿਆ ਅਤੇ ਕਾਲਜ ਵਲੋਂ ਮੁਫ਼ਤ ਦਵਾਈਆਂ ਵੀ ਦਿੱਤੀਆਂ ਗਈਆਂ। 22 ਸਤੰਬਰ, 2004 ਨੂੰ ਕਾਲਜ ਵਿਚ ਯੋਗ ਅਤੇ ਸਿਹਤ ਵਿਸ਼ੇ 'ਤੇ ਅਚਾਰੀਆ ਮਹਾਦੇਵ ਅਨੰਦ ਦਾ ਲੈਕਚਰ ਕਰਵਾਇਆ ਗਿਆ।

ਅਕਤੂਬਰ ਵਿਚ ਕਾਲਜ ਵਿਖੇ ਇੰਡੀਅਨ ਰੈਡ ਕਰਾਸ ਸੁਸਾਇਟੀ ਦੀ ਸਹਾਇਤਾ ਨਾਲ 43 ਵਿਦਿਆਰਥੀਆਂ ਦਾ ਇਕ ਹਫ਼ਤੇ ਦਾ ਫ਼ਸਟ ਏਡ ਕੈਂਪ ਲਗਾਇਆ ਗਿਆ। ਇਹਨਾਂ ਵਿਦਿਆਰਥੀਆਂ ਵਿਚੋਂ ਪੰਜ ਵਿਦਿਆਰਥੀਆਂ ਨੇ 20 ਅਕਤੂਬਰ, 2004 ਨੂੰ 41st District Level Ambulance Competition ਵਿੱਚ ਹਿੱਸਾ ਲਿਆ ਅਤੇ ਕਾਲਜ ਨੂੰ ਸੀਨੀਅਰ ਕੈਟੇਗਰੀ ਵਿਚ ਤੀਸਰਾ ਸਥਾਨ ਪ੍ਰਾਪਤ ਹੋਇਆ।

# ਗਰੀਵੀਐਂਸ ਰੀਡਰੈਸਲ ਸੈੱਲ

ਪ੍ਰੋ. ਜਸਲੀਨ ਕੌਰ ਅਤੇ ਡਾ. ਦਪਿੰਦਰਜੀਤ ਰੰਧਾਵਾ ਦੀ ਅਗਵਾਈ ਅਧੀਨ ਚਲ ਰਹੇ ਗਰੀਵੀਐਂਸ ਰੀਡਰੈਸਲ ਸੈਲ ਦੁਆਰਾ ਸੱਤਵੇਂ ਪੀਰੀਅਡ ਦੌਰਾਨ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਅਤੇ ਸੁਝਾਵਾਂ ਨੂੰ ਸੁਣਿਆ ਗਿਆ ਅਤੇ ਪ੍ਰਿੰਸੀਪਲ ਨੂੰ ਇਹਨਾਂ ਤੋਂ ਜਾਣੂ ਕਰਵਾਇਆ ਗਿਆ। ਉਹਨਾਂ ਦੁਆਰਾ ਪ੍ਰਿੰਸੀਪਲ ਦੁਆਰਾ ਕੀਤੀਆਂ ਗਈਆਂ

ਕਾਰਵਾਈਆਂ ਦੀ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ ਗਈ।

# ਵਾਤਾਵਰਨ ਕਮੇਟੀ

ਪ੍ਰੋ. ਅੰਬਿਕਾ ਦੀ ਨਿਗਰਾਨੀ ਹੇਠ ਚਲ ਰਹੀ ਵਾਤਾਵਰਨ ਕਮੇਟੀ ਦੁਆਰਾ 21 ਤੋਂ 26 ਅਗਸਤ, 2004 ਤੱਕ 'ਵਣਮਹਾਂਉਤਸਵ ਹਫ਼ਤਾ' ਮਨਾਇਆ ਗਿਆ। ਜਿਸ ਦਾ ਉਦਘਾਟਨ ਤੇਜਵੀਰ ਸਿੰਘ ਸਿੱਧੂ ਡੀ. ਸੀ. ਪਟਿਆਲਾ ਨੇ ਕੀਤਾ। Pigeon Eco Club ਨੇ ਇਸ ਮੌਕੇ ਤੇ 100 ਬੂਟੇ ਅਤੇ ਛੇ ਦਰਖ਼ਤ ਜੰਗਲੇ ਦਾਨ ਕੀਤੇ। ਇਸ ਸਮੇਂ ਕਰਨਲ ਬਿਸ਼ਨ ਦਾਸ ਨੇ ਵਾਤਾਵਰਨ ਸੰਭਾਲ ਵਿਸ਼ੇ 'ਤੇ ਲੈਕਚਰ ਦਿੱਤਾ। ਸਤੰਬਰ ਵਿਚ ਮੈਡਮ ਅੰਬਿਕਾ ਨੇ Endangered species ਵਿਸ਼ੇ 'ਤੇ ਵਿਦਿਆਰਥੀਆਂ ਨੂੰ ਇਕ ਲੈਕਚਰ ਦਿੱਤਾ ਅਤੇ ਕਾਲਜ ਦੇ ਦਰਖ਼ਤਾਂ ਉਪਰ ਪੰਛੀਆਂ ਲਈ ਛੋਟੇ-ਛੋਟੇ ਘਰ ਬਣਵਾ ਕੇ ਲਗਵਾਏ ਗਏ। ਉਹਨਾਂ ਨੇ ਵਿਦਿਆਰਥੀਆਂ ਨੂੰ ਨਦੀਆਂ ਨੂੰ ਗੰਦਗੀ ਤੋਂ ਬਚਾਉਣ ਲਈ ਵੀ ਉਤਸ਼ਾਹਿਤ ਕੀਤਾ ਅਤੇ ਇਹ ਸੁਨੇਹਾ ਸਮਾਜ ਵਿਚ ਪਹੁੰਚਾਉਣ ਲਈ ਵਿਦਿਆਰਥੀਆਂ ਦੇ ਸਹਿਯੋਗ ਨਾਲ ਕਈ ਤਰ੍ਹਾਂ ਦੇ ਵਿਸ਼ੇਸ਼ ਉਪਰਾਲੇ ਕੀਤੇ।

# ਪੇਰੈਂਟਸ ਟੀਚਰਜ ਐਸੋਸੀਏਸ਼ਨ

ਮੈਡਮ ਜਸਪ੍ਰੀਤ ਦੀ ਅਗਵਾਈ ਅਧੀਨ ਪੇਰੈਂਟਸ ਟੀਚਰਜ ਐਸੋਸੀਏਸ਼ਨ ਦੀਆਂ ਸੈਸ਼ਨ 2004-05 ਦੌਰਾਨ ਪੰਜ ਮੀਟਿੰਗਾਂ ਕਰਵਾਈਆਂ ਗਈਆਂ। ਇਹਨਾਂ ਮੀਟਿੰਗਾਂ ਵਿਚ ਵਿਦਿਆਰਥੀਆਂ ਦੇ ਮਾਪਿਆਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ। ਇਹਨਾਂ ਮੀਟਿੰਗਾਂ ਵਿਚ ਵਿਦਿਆਰਥੀਆਂ ਦੇ ਮਾਪਿਆਂ ਨੂੰ ਉਹਨਾਂ ਦੇ ਬੱਚਿਆਂ ਦੀ ਕਾਲਜ ਵਿਚ ਹਾਜ਼ਰੀ, ਕਲਾਸਾਂ ਵਿਚ ਕਾਰਗੁਜ਼ਾਰੀ ਅਤੇ ਮਹੀਨੇਵਾਰ ਟੈਸਟਾਂ ਦੀ ਜਾਣਕਾਰੀ ਦਿੱਤੀ ਗਈ। ਮਾਪਿਆਂ ਦੇ ਸੁਝਾਵਾਂ ਅਤੇ ਉਹਨਾਂ ਦੇ ਬੱਚਿਆਂ ਦੀ ਮੁਸ਼ਕਿਲਾਂ ਨੂੰ ਸੁਣਿਆ ਗਿਆ ਅਤੇ ਇਸ ਸਬੰਧੀ ਹੱਲ ਲੱਭਣ ਦੇ ਯਤਨ ਕੀਤੇ ਗਏ।

# ਲਾਇਬਰੇਰੀ

ਸੈਸ਼ਨ 2004-05 ਦੌਰਾਨ ਆਰਟਸ, ਕਾਮਰਸ, ਸਾਇੰਸ ਅਤੇ ਕੰਪਿਊਟਰ ਵਿਭਾਗਾਂ ਨਾਲ ਸੰਬੰਧਿਤ 2200 ਦੇ ਕਰੀਬ ਪੁਸਤਕਾਂ ਖਰੀਦੀਆਂ ਗਈਆਂ ਲਾਇਬਰੇਰੀ ਵਲੋਂ ਹੁਸ਼ਿਆਰ ਵਿਦਿਆਰਥੀਆਂ, ਗਰੀਬ ਵਿਦਿਆਰਥੀਆਂ ਅਤੇ ਚੰਗੇ ਖਿਡਾਰੀਆਂ ਨੂੰ ਲੋੜ ਅਨੁਸਾਰ ਪੂਰੇ ਸਾਲ ਲਈ ਪੀ.ਟੀ.ਏ. ਫੰਡ ਵਿਚੋਂ ਕਿਤਾਬਾਂ ਦਿੱਤੀਆਂ ਗਈਆਂ। ਪਾਠਕਾਂ ਦੀਆਂ ਵਰਤਮਾਨ ਅਤੇ ਭਵਿੱਖ ਦੀਆਂ ਲੋੜਾਂ ਨੂੰ ਧਿਆਨ ਵਿਚ ਰੱਖਦੇ ਹੋਏ ਲਾਇਬਰੇਰੀ ਦਾ ਕੰਪਿਊਟਰੀਕਰਨ

ਕੀਤਾ ਜਾ ਰਿਹਾ ਹੈ ਅਤੇ ਫੋਟੋਸਟੈਟ ਦੀ ਸਹੂਲਤ ਵੀ ਮੁਹੱਈਆ ਕੀਤੀ ਜਾ ਰਹੀ ਹੈ।

# ਗੁਰਮਤਿ ਸੁਸਾਇਟੀ

ਕਾਲਜ ਦੇ ਵਿਦਿਆਰਥੀਆਂ ਅੰਦਰ ਸਿੱਖ ਇਤਿਹਾਸ, ਰਹੁ ਰੀਤਾਂ ਅਤੇ ਮਰਯਾਦਾ ਨੂੰ ਦ੍ਰਿੜ੍ਹ ਕਰਵਾਉਣ ਲਈ ਪ੍ਰੋ. ਕੰਵਲਜੀਤ ਸਿੰਘ ਦੀ ਨਿਗਰਾਨੀ ਅਧੀਨ ਗੁਰਮਤਿ ਸੁਸਾਇਟੀ ਦੇ ਵਿਦਿਆਰਥੀ ਅਹੁਦੇਦਾਰਾਂ ਦੀ ਚੋਣ ਕੀਤੀ ਗਈ। ਇਹਨਾਂ ਵਿਦਿਆਰਥੀਆਂ ਦੁਆਰਾ ਹਰ ਮਹੀਨੇ ਸਗਰਾਂਦ ਦੇ ਦਿਹਾੜੇ ਤੇ ਕਾਲਜ ਦੇ ਗੁਰਦੁਆਰੇ ਸਾਹਿਬ ਵਿਖੇ ਕੀਰਤਨ ਕੀਤਾ ਗਿਆ। ਗੁਰਮਤਿ ਸੁਸਾਇਟੀ ਦੇ ਅਹੁਦੇਦਾਰਾਂ ਵਲੋਂ 30-8-05 ਤੋਂ 1-9-05 ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਉਤਸਵ ਦੇ ਸਬੰਧ ਵਿਚ, ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਦਰਸ਼ਨਾਂ ਲਈ ਵਿਸ਼ੇਸ਼ ਯਾਤਰਾ ਦਾ ਆਯੋਜਨ ਕੀਤਾ ਗਿਆ। ਇਸ ਸੁਸਾਇਟੀ ਦੇ ਮੈਂਬਰਾਂ ਨੇ ਇਸ ਸਬੰਧੀ ਆਯੋਜਨ ਕੀਤੇ ਗਏ ਚੇਤਨਾ ਮਾਰਚ ਵਿਚ ਸ਼ਾਮਿਲ ਸੰਗਤ ਦੀ ਗੁਰਦੁਆਰਾ ਜੋਤੀ ਸਰੂਪ ਫ਼ਤਿਹਗੜ੍ਹ ਸਾਹਿਬ ਵਿਖੇ ਲੰਗਰ ਦੀ ਸੇਵਾ ਕੀਤੀ।

ਕਾਲਜ ਦੇ ਵਿਦਿਆਰਥੀਆਂ ਦੀ ਛੋਟੇ ਸਾਹਿਬਜਾਦਿਆਂ ਦੀ ਸ਼ਹਾਦਤ ਦੇ 300 ਸਾਲਾ ਸਮਾਗਮ ਦੇ ਸਬੰਧ ਵਿਚ ਆਯੋਜਿਤ ਚੇਤਨਾ ਮਾਰਚ ਵਿਚ ਸ਼ਮੂਲੀਅਤ ਅਤੇ ਕਰਵਾਈ ਅਤੇ ਧਾਰਮਕ ਅਸਥਾਨਾਂ ਦੇ ਦਰਸ਼ਨ ਕਰਵਾਏ।

# ਅਧਿਆਪਕਾਂ ਦੀਆਂ ਨਿਜੀ ਪ੍ਰਾਪਤੀਆਂ

ਪ੍ਰੋ. ਮਲਜਿੰਦਰ ਕੌਰ ਨੇ 27-10-04 ਨੂੰ ਪੰਜਾਬ ਇਤਿਹਾਸ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਆਯੋਜਿਤ ਓਰਲ ਹਿਸਟਰੀ ਸੈਮੀਨਾਰ ਅਟੈਂਡ ਕੀਤਾ। ਆਪ ਨੇ 18-3-05 ਤੋਂ 20-3-05 ਤੱਕ ਹੋਈ ਹਿਸਟਰੀ ਕਾਨਫਰੰਸ ਦੇ 37ਵੇਂ ਸੈਸ਼ਨ ਵਿਚ ਵੀ ਸ਼ਮੂਲੀਅਤ ਕੀਤੀ। ਪ੍ਰੋ. ਮਲਜਿੰਦਰ ਕੌਰ ਨੂੰ ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ ਵਲੋਂ ਬੋਰਡ ਆਫ਼ ਸਟੱਡੀਜ਼, ਸੋਸ਼ਲ ਸਾਇੰਸਜ ਦਾ ਤਿੰਨ ਸਾਲ (2005-07) ਲਈ ਮੈਂਬਰ ਨਾਮਜ਼ਦ ਕੀਤਾ ਗਿਆ।

ਪ੍ਰੋ. ਤਰਲੋਚਨ ਸਿੰਘ ਮਹਾਜਨ ਨੇ ਅਕਾਦਮੀ ਆਫ਼ ਸਿੱਖ ਰਿਲੀਜ਼ਨ ਐਂਡ ਕਲਚਰ, 1-ਢਿੱਲੋਂ ਮਾਰਗ, ਵਿਖੇ 18 ਸਤੰਬਰ, 2004 ਨੂੰ ਅੰਤਰ ਰਾਸ਼ਟਰੀ ਸਿੱਖ ਲੇਖਕਾਂ ਦੀ ਜਨਰਲ ਬਾਡੀ ਮੀਟਿੰਗ ਵਿਚ ਭਾਗ ਲਿਆ। ਇਹਨਾਂ ਨੇ ਫਰਵਰੀ, 2004 ਨੂੰ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ ਫਤਿਹਗੜ੍ਹ ਸਾਹਿਬ ਅਤੇ ਗੌਰਮਿੰਟ ਕਾਲਜ ਮੁਕਤਸਰ ਵਿਖੇ ਕ੍ਰਮਵਾਰ "ਸਾਇੰਸ ਅਤੇ ਧਰਮ" ਅਤੇ "ਕੰਪਿਊਟਰ ਨੈਟਵਰਕ" ਵਿਸ਼ੇ ਉੱਤੇ ਲੈਕਚਰ ਦਿੱਤਾ।

ਇਹਨਾ ਨੇ 1-8-2004 ਨੂੰ ਤਫਜਲਪੁਰੇ "ਭਾਈ ਤਾਰੂ ਸਿੰਘ ਜੀ ਸ਼ਹੀਦ" ਤੇ ਲੈਕਚਰ ਦਿੱਤਾ। ਇਹਨਾਂ ਦੇ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਿਤ ਪੰਜਾਬੀ ਟ੍ਰਿਬਿਊਨ ਵਿਚ 9 (ਨੌ) ਆਰਟੀਕਲ ਪ੍ਰਕਾਸ਼ਿਤ ਹੋਏ ਅਤੇ ਰੋਜ਼ਾਨਾ ਅਜੀਤ ਜਲੰਧਰ ਦੇ ਮੈਗਜ਼ੀਨ ਸੈਕਸ਼ਨ "ਧਰਮ ਤੇ ਵਿਰਸਾ" ਵਿਚ ਪੰਜ (5) ਆਰਟੀਕਲ ਪ੍ਰਕਾਸ਼ਿਤ ਹੋਏ। ਇਹਨਾਂ ਦਾ 'ਸੱਚਖੰਡ ਪੱਤਰ' ਦੇ ਨਵੰਬਰ-ਦਸੰਬਰ, 2004 ਦੇ ਅੰਕ ਵਿਚ ਲੇਖ "ਪਾਤਾਲਾ ਪਾਤਾਲ ਲਖ ਆਗਾਸਾ ਆਗਾਸ" ਛਪਿਆ। ਪ੍ਰੋ. ਮਹਾਜਨ ਨੇ 15 ਜਨਵਰੀ, 2005 ਨੂੰ ਅਕੈਡਮੀ ਆਫ਼ ਸਿੱਖ ਰਿਲੀਜਨ ਐਂਡ ਕਲਚਰ ਵਿਖੇ "ਧਰਮ ਅਤੇ ਸਾਇੰਸ" 'ਤੇ ਲੈਕਚਰ ਦਿੱਤਾ। ਇਹਨਾਂ ਨੇ ਗਰੁੱਪ ਨਾਈਨਟੀ ਲਾਈਨ ਵਿਚ 2 ਫਰਵਰੀ, 2005 ਨੂੰ "ਅਰਦਾਸ" ਵਿਸ਼ੇ 'ਤੇ ਲੈਕਚਰ ਦਿੱਤਾ।

ਪ੍ਰੋ. ਜਸਲੀਨ ਕੌਰ ਅਤੇ ਪ੍ਰੋ. ਪਰਮਜੀਤ ਕੌਰ ਕਾਮਰਸ ਵਿਭਾਗ ਨੇ ਮਾਰਚ ਅਪ੍ਰੈਲ, 2005 ਵਿਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਅਕਾਦਮਿਕ ਸਟਾਫ਼ ਕਾਲਜ ਵਿਖੇ ਇੱਕੀ ਦਿਨਾਂ ਦਾ 'Environmental Studies (Interdisciplinary) ਰਿਫਰੈਸ਼ਰ ਕੋਰਸ ਲਗਾਇਆ ਅਤੇ 'ਏ' ਗਰੇਡ ਹਾਸਲ ਕੀਤਾ।

ਡਾਕਟਰ ਹਰਿੰਦਰ ਕੌਰ ਸੋਹੀ ਨੇ ਦਸੰਬਰ 1 ਦਸੰਬਰ ਤੋਂ 3, 2004 ਤੱਕ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਆਯੋਜਤ ਤਿੰਨ ਰੋਜ਼ਾ "ਵਿਸ਼ਵ ਪੰਜਾਬੀ ਕਾਨਫਰੰਸ-2004" ਵਿਚ ਡੈਲੀਗੇਟ ਦੇ ਤੌਰ 'ਤੇ ਭਾਗ ਲਿਆ। ਇਹਨਾਂ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਇੰਗਲਿਸ਼ ਵਿਭਾਗ ਵੱਲੋਂ "Contemporary Diasporic Literature : Writing History Culture, Self" ਦੇ ਵਿਸ਼ੇ 'ਤੇ ਕਰਵਾਏ ਗਏ ਨੈਸ਼ਨਲ ਪੱਧਰ ਦੇ ਸੈਮੀਨਾਰ ਵਿਚ ਫਰਵਰੀ 24-25, 2005 ਨੂੰ ਡੈਲੀਗੇਟ ਦੇ ਤੌਰ 'ਤੇ ਹਿੱਸਾ ਲਿਆ। ਆਪ ਨੇ ਮਾਰਚ 5-6-7, 2005 ਨੂੰ Central Institue of Indain Langauges Mysore ਵਲੋਂ North Regional Language Centre, Punjabi university, Patiala ਵਿਖੇ ਆਯੋਜਿਤ ਕਰਵਾਏ ਗਏ ਇੱਕ Nagtional Seminar on Dialogue between Traditional and Modern Schoalrship" ਵਿਚ ਸ਼ਿਰਕਤ ਕੀਤੀ।

ਡਾ. ਹਰਵਿੰਦਰ ਕੌਰ ਨੇ ਮਾਰਚ, 2004 ਵਿਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਰਿਫਰੈਸ਼ਰ ਕੋਰਸ ਲਗਾਇਆ। ਆਪ ਨੇ 2 ਮਾਰਚ ਤੇ 3 ਮਾਰਚ, 2004 ਨੂੰ ਪੰਜਾਬੀ ਯੂਨੀਵਰਸਿਟੀ ਹਿੰਦੀ ਵਿਭਾਗ ਵਲੋਂ ਕਰਵਾਏ ਗਏ ਨੈਸ਼ਨਲ ਸੈਮੀਨਾਰ ਵਿਚ ਭਾਗ ਲਿਆ। ਆਪ ਦੀ ਹਿੰਦੀ ਤ੍ਰੈ-ਮਾਸਿਕ ਪਤ੍ਰਿਕਾ "ਸ਼ਬਦ-ਸਰੋਕਾਰ" ਸਤੰਬਰ, 2004 ਵਿਚ ਗ਼ਜ਼ਲ ਪ੍ਰਕਾਸ਼ਤ ਹੋਈ। ਡਾ. ਹਰਵਿੰਦਰ ਕੌਰ ਨੇ ਪ੍ਰਸਾਰ ਭਾਰਤੀ ਅਕਾਸ਼ਵਾਣੀ ਪਟਿਆਲਾ ਵਿਖੇ 7-7-

2004 ਨੂੰ ਹੋਏ ਕਵੀ ਸੰਮੇਲਨ ਵਿਚ ਭਾਗ ਲਿਆ। ਜਿਸ ਦਾ ਪ੍ਰਸਾਰਣ 8-7-04 ਨੂੰ ਕੀਤਾ ਗਿਆ। ਆਪ ਨੇ 6 ਫਰਵਰੀ, 2005 ਨੂੰ ਪੰਜਾਬੀ ਸਾਹਿਤ ਸਭਾ ਪਟਿਆਲਾ ਵਲੋਂ ਕਰਵਾਏ ਗਏ "ਬੰਸਤ ਕਵੀ ਦਰਬਾਰੇ" ਵਿਚ ਭਾਗ ਲਿਆ, ਜਿਸ ਦਾ ਪ੍ਰਸਾਰਣ ਅਕਾਸ਼ਬਾਣੀ ਪਟਿਆਲਾ ਤੋਂ 6 ਫਰਵਰੀ, 2005 ਨੂੰ ਕੀਤਾ ਗਿਆ।

ਡਾ. ਗੁਰਦੀਸ਼ ਕੌਰ ਦੇ ਦੋ ਰਿਸਰਚ ਪੇਪਰ ਪੰਜਾਬੀ ਯੂਨੀਵਰਸਿਟੀ ਦੇ ਰਿਸਰਚ ਜਰਨਲ 'ਖੋਜ ਪੱਤ੍ਰਕਾ' ਵਿਚ ਛਪਣੇ ਮੰਜ਼ੂਰ ਹੋਏ। ਆਪ ਨੇ ਸਾਹਿਤ ਅਕੈਡਮੀ ਦਿੱਲੀ ਵਲੋਂ ਕਰਵਾਏ ਗਏ ਨੈਸ਼ਨਲ ਸੈਮੀਨਾਰ Faminism and Punjabi Literature ਵਿਚ ਪੇਪਰ ਪੇਸ਼ ਕੀਤਾ।

ਡਾ. ਦਪਿੰਦਰਜੀਤ ਰੰਧਾਵਾ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਆਯੋਜਿਤ ਸੈਮੀਨਾਰ (18, 19, 20 ਫਰਵਰੀ, 2004) ਵਿਚ Sri Guru Granth Sahib and the Gender Discourse" ਵਿਸ਼ੇ ਪੇਪਰ ਪੜ੍ਹਿਆ ਇਕ ਪੇਪਰ "Guru Granthj Sahib Army the Scriptures of the world"" Publication Bureau, Punjabi University, Patiala 2004 ਵਿਚ ਛਪਿਆ।

ਇਹਨਾਂ ਦਾ ਪੇਪਰ Re-interrogating Postcolonialism : Its impact on Critical systems" ਪੰਜਾਬ ਜਨਰਲ ਆਫ਼ ਇੰਗਲਿਸ਼ ਸਟੱਡੀਜ V/o XIX, 2004, ਵਿਚ ਛਪਿਆ।

ਡਾ. ਰੰਧਾਵਾ ਦਾ ਰਿਸਰਚ ਪੇਪਰ Remembering in Heterology and Vismad" Pespectives on Guru Granth Sahib Vol. 2, 2004 ਜਨਰਲ ਵਿਚ ਛਪਿਆ।

ਇਹਨਾਂ ਨੇ ਪੰਜਾਬੀ ਅਕਾਦਮੀ ਵਲੋਂ ਨਵੀਂ ਦਿੱਲੀ ਵਿਖੇ 4, 5 ਫਰਵਰੀ, 2005 ਨੂੰ ਆਯੋਜਿਤ ਸੈਮੀਨਾਰ ਵਿਚ "The Female Body : The Politics of Its Representation" ਵਿਸ਼ੇ 'ਤੇ ਪੇਪਰ ਪੜ੍ਹਿਆ।

ਪ੍ਰੋ. ਕਮਲ ਸੋਹਲ ਨੇ Punjab Artists Association ਵਲੋਂ Mohindra College ਵਿਖੇ ਲਗਾਈ ਗਈ ਵਰਕਸ਼ਾਪ ਵਿਚ Artists ਦੇ ਤੌਰ 'ਤੇ ਭਾਗ ਲਿਆ। ਆਪ ਨੇ ਮਾਰਚ ਵਿਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ Orientation Course ਲਗਾਇਆ ਅਤੇ 'ਏ' ਗਰੇਡ ਹਾਸਲ ਕੀਤਾ।

ਪ੍ਰੋਫੈਸਰ ਰੁਪਿੰਦਰ ਸਿੰਘ ਸੋਢੀ ਨੇ 5 ਮਾਰਚ, 2005 ਨੂੰ ਡੀ.ਏ.ਵੀ. ਕਾਲਜ ਮਲੋਟ ਵਿਖੇ ICSSR, North Western Regional Centre, Chandigarh ਵੱਲੋਂ ਕਰਵਾਏ ਗਏ ਇਕ ਸਟੇਟ ਪੱਧਰ ਦੇ ਸੈਮੀਨਾਰ

ਵਿਚ The Reforms era and Structural Response of Punjab Economy ਵਿਸ਼ੇ 'ਤੇ ਆਪਣਾ ਪਰਚਾ ਪੇਸ਼ ਕੀਤਾ।

ਡਾ. ਪੁਸ਼ਪਿੰਦਰ ਕੌਰ ਦਾ ਰਿਸਰਚ ਪੇਪਰ "ਬਰਤਾਨਵੀ ਪੰਜਾਬੀ ਗਲਪ : ਸਭਿਆਚਾਰਕ ਤਣਾਉ ਦੇ ਪਾਸਾਰ", ਡਾ. ਹਰਚੰਦ ਸਿੰਘ ਬੇਦੀ ਦੁਆਰਾ ਸੰਪਾਦਤ ਕੀਤੀ ਗਈ ਪੁਸਤਕ ਪਰਵਾਸੀ ਪੰਜਾਬੀ ਸਾਹਿਤ ਦੇ ਮਸਲੇ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2004 ਵਿਚ ਪ੍ਰਕਾਸ਼ਤ ਹੋਇਆ। ਇਹਨਾਂ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਹੋਈ ਤੀਸਰੀ ਵਿਸ਼ਵ ਪੰਜਾਬੀ ਕਾਨਫਰੰਸ-2004 (1 ਦਸੰਬਰ, 2004 ਤੋਂ 3 ਦਸੰਬਰ, 2004) ਵਿਚ ਬਤੌਰ ਡੈਲੀਗੇਟ ਭਾਗ ਲਿਆ।

ਪ੍ਰੋ. ਜਸਪ੍ਰੀਤ ਕੌਰ ਨੇ ਮਿਤੀ 1 ਦਸੰਬਰ, 2004 ਤੋਂ 3 ਦਸੰਬਰ, 2004 ਤੱਕ ਪੰਜਾਬ ਯੂਨੀਵਰਸਿਟੀ, ਪਟਿਆਲਾ ਵਿਖੇ ਹੋਈ ਵਿਸ਼ਵ ਪੰਜਾਬੀ ਕਾਨਫਰੰਸ, 2004 ਵਿਚ ਬਤੌਰ ਡੈਲੀਗੇਟ ਭਾਗ ਲਿਆ।

ਡਾ. ਸੁਰਿੰਦਰ ਕੌਰ ਭਾਟੀਆ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਹੋਏ ਰਾਸ਼ਟਰੀ ਪੱਧਰ ਦੇ ਦੋ ਸੈਮੀਨਾਰਾਂ ਮਿਤੀ 18, 19 ਜਨਵਰੀ, 2005 ਅਤੇ 17 ਮਾਰਚ, 2005 ਵਿਚ ਸ਼ਿਰਕਤ ਕੀਤੀ।

ਅੰਤ ਵਿਚ ਮੈਂ ਆਪਣੇ ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ਼, ਵਿਦਿਆਰਥੀਆਂ ਅਤੇ ਕਾਲਜ ਨਾਲ ਜੁੜੇ ਹੋਏ ਉਹਨਾਂ ਪਤਵੰਤੇ ਸੱਜਣਾਂ ਦਾ ਧੰਨਵਾਦੀ ਹਾਂ, ਜਿਹਨਾਂ ਦੀ ਮਿਹਨਤ ਅਤੇ ਲਗਨ ਸਦਕਾ ਕਾਲਜ ਇਹਨਾਂ ਪ੍ਰਾਪਤੀਆਂ ਦਾ ਹੱਕਦਾਰ ਬਣਿਆ ਹੈ।

ਡਾ. ਹਰਬੀਰ ਸਿੰਘ
ਪ੍ਰਿੰਸੀਪਲ।